ਸ਼ੁੱਕਰਵਾਰ, 15 ਮਈ, 2026
1 ਜੇਠ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 344

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 15 MAY, 2026 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14

# ਪੰਜਾਬ ਦੀ ਵਾਰੀ ਵੀ ਆ ਗਈ

## ਵੋਟਰਾਂ ਦੀ ਛਾਂਟੀ ਦਾ ਅਮਲ 25 ਜੂਨ ਤੋਂ ਸ਼ੁਰੂ

**ਨਵੀਂ ਦਿੱਲੀ** : ਭਾਰਤੀ ਚੋਣ ਕਮਿਸ਼ਨ ਨੇ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਦੇ ਤੀਜੇ ਪੜਾਅ ਦਾ ਐਲਾਨ ਕਰ ਦਿੱਤਾ ਹੈ, ਜਿਹੜਾ ਪੰਜਾਬ ਸਣੇ 16 ਸੂਬਿਆਂ ਅਤੇ ਚੰਡੀਗੜ੍ਹ ਸਣੇ ਤਿੰਨ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਚੱਲੇਗਾ। ਬਰਫਬਾਰੀ ਵਾਲੇ ਇਲਾਕਿਆਂ ਵਿੱਚ ਮੌਸਮ ਨੂੰ ਧਿਆਨ 'ਚ ਰੱਖਦੇ ਹੋਏ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਤੇ ਲੱਦਾਖ ਤੋਂ ਇਲਾਵਾ ਹਿਮਾਚਲ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ।

ਪੰਜਾਬ 'ਚ 15 ਜੂਨ ਤੋਂ 24 ਜੂਨ ਤੱਕ ਐੱਸ ਆਈ ਆਰ ਲਈ ਵਿਸ਼ੇਸ਼ ਟਰੇਨਿੰਗ ਦਾ ਪ੍ਰੋਗਰਾਮ ਚੱਲੇਗਾ ਅਤੇ 25 ਜੂਨ ਤੋਂ ਘਰੋਂ-ਘਰ ਜਾ ਕੇ ਵੋਟਰ ਸੂਚੀਆਂ ਦੀ ਸੁਧਾਈ ਦਾ ਕੰਮ ਸ਼ੁਰੂ ਹੋਵੇਗਾ, ਜੋ ਕਿ 24 ਜੁਲਾਈ ਤੱਕ ਚੱਲੇਗਾ। ਉਸ ਮਗਰੋਂ ਇਤਰਾਜ਼ਾਂ ਦਾ ਨਿਪਟਾਰਾ 31 ਜੁਲਾਈ ਤੋਂ 28 ਜੁਲਾਈ ਦਰਮਿਆਨ ਹੋਵੇਗਾ ਅਤੇ ਵੋਟਰ ਸੂਚੀਆਂ ਦੀ ਆਖਰੀ ਪ੍ਰਕਾਸ਼ਨਾ ਪਹਿਲੀ ਅਕਤੂਬਰ ਨੂੰ ਹੋਵੇਗੀ। ਦੇਖਣਾ ਹੋਵੇਗਾ ਕਿ ਪੱਛਮੀ ਬੰਗਾਲ ਤੋਂ ਮਗਰੋਂ ਹੁਣ ਪੰਜਾਬ 'ਚ ਕਿੰਨੇ ਵੋਟਰਾਂ ਦੀ ਛਾਂਟੀ ਹੁੰਦੀ ਹੈ। ਪੰਜਾਬ 'ਚ ਇਸ ਵੇਲੇ ਕਰੀਬ 2.14 ਕਰੋੜ ਵੋਟਰ ਹਨ। ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦੀ ਪ੍ਰਕਿਰਿਆ ਅਹਿਮ ਹੈ।

ਚੋਣ ਕਮਿਸ਼ਨ ਦੇ ਸ਼ਡਿਊਲ ਮੁਤਾਬਕ ਓਡੀਸ਼ਾ, ਮਿਜ਼ੋਰਮ, ਸਿੱਕਮ ਅਤੇ ਮਣੀਪੁਰ ਦੀਆਂ ਅੰਤਮ ਵੋਟਰ ਸੂਚੀਆਂ 6 • ਬਾਕੀ ਸਫਾ 2 'ਤੇ

## ਦਿੱਲੀ 'ਚ ਇਕ ਹੋਰ 'ਨਿਰਭਯਾ ਕਾਂਡ', ਬੱਸ 'ਚ ਮਹਿਲਾ ਨਾਲ ਜਬਰ-ਜ਼ਨਾਹ

**ਦਿੱਲੀ** : ਦਿੱਲੀ ਦੇ ਨਾਂਗਲੋਈ ਇਲਾਕੇ ਵਿੱਚ ਇੱਕ ਪ੍ਰਾਈਵੇਟ ਬੱਸ ਦੇ ਅੰਦਰ ਇੱਕ ਔਰਤ ਨਾਲ ਕਥਿਤ ਤੌਰ 'ਤੇ ਸਮੂਹਿਕ ਜਬਰ-ਜ਼ਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਜ਼ਮ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦਿੱਲੀ ਪੁਲਸ ਨੇ ਕਿਹਾ ਕਿ ਰਾਣੀ ਬਾਗ ਥਾਣੇ ਵਿੱਚ ਮਾਮਲਾ ਦਰਜ ਕਰਕੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਅਪਰਾਧ ਵਿੱਚ ਵਰਤੀ ਗਈ ਬੱਸ ਨੂੰ ਜ਼ਬਤ ਕਰ ਲਿਆ ਗਿਆ ਹੈ। ਇਸ ਸੰਬੰਧੀ ਪੁਲਸ ਸਟੇਸ਼ਨ ਰਾਣੀ ਬਾਗ ਵਿੱਚ ਬੀ.ਐੱਨ.ਐੱਸ ਦੀਆਂ ਧਾਰਾਵਾਂ 64(1), 70(1) ਅਤੇ 3 (5) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਆਪ ਆਗੂਆਂ ਸੌਰਭ ਭਾਰਦਵਾਜ ਅਤੇ ਮਨੀਸ਼ ਸਿਸੋਦੀਆ, ਕਾਂਗਰਸੀ ਆਗੂ ਅਭਿਸ਼ੇਕ ਦੱਤ ਨੇ ਕਥਿਤ ਸਮੂਹਿਕ ਜਬਰ-ਜ਼ਨਾਹ ਦੇ ਮਾਮਲੇ ਵਿੱਚ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਦਿੱਲੀ ਪੁਲਸ 'ਤੇ • ਬਾਕੀ ਸਫਾ 2 'ਤੇ

# ਨਸ਼ਿਆਂ ਦਾ ਕਲੰਕ ਮਿਟਾ ਕੇ ਰਹਾਂਗੇ : ਮਾਨ



**ਬਟਾਲਾ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਹਰ ਹੀਲੇ ਸੂਬੇ ਵਿੱਚੋਂ 'ਨਸ਼ਿਆਂ ਦਾ ਕਲੰਕ' ਮਿਟਾ ਕੇ ਰਹੇਗੀ। ਚੱਲ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੇ ਪਹਿਲਾਂ ਹੀ ਨਸ਼ਾ ਤਸਕਰੀ ਨੈੱਟਵਰਕ ਨੂੰ ਵੱਡਾ ਝਟਕਾ ਦਿੱਤਾ ਹੈ, ਜਿਸ ਤਹਿਤ ਸਿਰਫ਼ 437 ਦਿਨਾਂ ਵਿੱਚ 63,707 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਪੰਜਾਬ ਭਰ ਵਿੱਚ ਨਸ਼ਿਆਂ ਦੇ ਪੈਸੇ ਨਾਲ ਬਣੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ।

ਬਟਾਲਾ ਵਿੱਚ ਸੰਤ ਤ੍ਰਿਲੋਚਨ ਦਾਸ ਮਹਾਰਾਜ ਦੇ 38ਵੇਂ ਗੁਰਗੱਦੀ ਦਿਵਸ ਨੂੰ ਸਮਰਪਤ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਅਤੇ ਸੰਗਠਿਤ ਅਪਰਾਧ ਵਿਰੁੱਧ ਲੜਾਈ ਹੁਣ ਲੋਕ ਲਹਿਰ ਬਣ ਗਈ ਹੈ, ਜਿਸ ਵਿੱਚ ਹਰ ਪੰਜਾਬੀ ਪੰਜਾਬ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

ਮੁੱਖ ਮੰਤਰੀ ਨੇ ਪਿਛਲੇ 112 ਦਿਨਾਂ ਵਿੱਚ ਗੈਂਗਸਟਰਾਂ 'ਤੇ ਵਾਰ ਮੁਹਿੰਮ ਤਹਿਤ ਕੀਤੀਆਂ ਗਈਆਂ ਕਾਰਵਾਈਆਂ, ਔਰਤਾਂ ਤੇ ਸਿਹਤ ਸੰਭਾਲ ਲਈ ਚੱਲ ਰਹੇ ਭਲਾਈ ਕਾਰਜਾਂ ਅਤੇ ਸੂਬੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ 'ਤੇ ਰੋਕ ਲਾਉਣ ਲਈ ਪੰਜਾਬ ਸਰਕਾਰ ਦੁਆਰਾ ਬਣਾਏ ਗਏ ਬੇਅਦਬੀ ਵਿਰੋਧੀ ਕਾਨੂੰਨ ਸਖ਼ਤ ਕਾਨੂੰਨ ਵਰਗੀਆਂ ਪਹਿਲਕਦਮੀਆਂ 'ਤੇ ਵੀ ਚਾਨਣਾ ਪਾਇਆ।

ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ 400 ਤੋਂ ਵੱਧ ਦਿਨ ਹੋ ਗਏ ਹਨ ਅਤੇ ਇਸ ਮੁਹਿੰਮ ਨੂੰ ਸ਼ਾਨਦਾਰ ਸਫਲਤਾ ਮਿਲੀ ਹੈ। ਅਸੀਂ ਨਸ਼ਿਆਂ ਦੇ ਕਾਰੋਬਾਰ ਦੀ ਰੀੜ੍ਹ ਤੋੜ ਦਿੱਤੀ ਹੈ ਅਤੇ ਇਸ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ।

## ਬਿੱਟੂ ਨੇ ਅੰਮ੍ਰਿਤਸਰ ਤੋਂ ਨਵੀਂ ਗੱਡੀ ਚਲਾਈ



**ਅੰਮ੍ਰਿਤਸਰ** : ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਵੀਰਵਾਰ ਇੱਥੇ ਰੇਲਵੇ ਸਟੇਸ਼ਨ ਤੋਂ ਅੰਮ੍ਰਿਤਸਰ ਤੋਂ ਨਵੀਂ ਜਲਪਾਈ ਗੁੜੀ ਵਾਸਤੇ ਅੰਮ੍ਰਿਤ ਭਾਰਤ ਯੋਜਨਾ ਹੇਠ ਨਵੀਂ ਰੇਲ ਗੱਡੀ ਨੂੰ ਹਰੀ ਝੰਡੀ ਦਿਖਾਈ। ਉਨ੍ਹਾ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਨਵੀਨੀਕਰਨ ਅਤੇ ਹੋਰ ਪਲੇਟਫਾਰਮਾਂ ਦੀ ਉਸਾਰੀ ਵਾਸਤੇ 502 ਕਰੋੜ ਰੁਪਏ ਦੀ ਯੋਜਨਾ ਦਾ ਵੀ ਐਲਾਨ ਕੀਤਾ।

ਉਨ੍ਹਾ ਮੀਡੀਆ ਨੂੰ ਦੱਸਿਆ ਕਿ 402 ਕਰੋੜ ਰੁਪਏ ਨਾਲ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਦਾ ਨਵੀਨੀਕਰਨ ਕੀਤਾ ਜਾਵੇਗਾ ਅਤੇ ਇਸ ਨੂੰ ਵਿਸ਼ਵ ਪੱਧਰੀ ਰੇਲਵੇ ਸਟੇਸ਼ਨ ਬਣਾਇਆ ਜਾਵੇਗਾ, ਜਦੋਂ ਕਿ ਬਾਕੀ 100 ਕਰੋੜ ਰੁਪਏ ਨਾਲ ਨਵੇਂ ਪਲੇਟਫਾਰਮ ਉਸਾਰੇ ਜਾਣਗੇ। ਇਸ ਵੇਲੇ ਸੱਤ ਪਲੇਟਫਾਰਮ ਹ ਨ • ਬਾਕੀ ਸਫਾ 2 'ਤੇ

## ਜਿੱਥੇ ਭਾਜਪਾ ਸਰਕਾਰਾਂ, ਉੱਥੇ ਸਭ ਤੋਂ ਵੱਧ ਅਪਰਾਧ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**
ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਲੰਮੇ ਸਮੇਂ ਤੋਂ ਭਾਜਪਾ ਸ਼ਾਸਤ ਰਾਜਾਂ ਵਿੱਚ ਅਪਰਾਧ, ਗੈਂਗਸਟਰਵਾਦ ਅਤੇ ਅਮਨ-ਕਾਨੂੰਨ ਦੀ ਸਥਿਤੀ ਬਦਤਰ ਹੋਈ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਅੰਕੜੇ ਭਾਜਪਾ ਸ਼ਾਸਨ ਦੇ ਉਸ ਅਸਲ ਚਿਹਰੇ ਨੂੰ ਬੇਨਕਾਬ ਕਰਦੇ ਹਨ, ਜਿੱਥੇ ਸੱਤਾ ਹਾਸਲ ਕਰਨ ਅਤੇ ਬਰਕਰਾਰ ਰੱਖਣ ਲਈ ਨਫ਼ਰਤ, ਡਰ ਅਤੇ ਹਿੰਸਾ ਨੂੰ ਸਿਆਸੀ ਹਥਿਆਰਾਂ ਵਜੋਂ ਵਰਤਿਆ ਜਾ ਰਿਹਾ ਹੈ।

ਵੀਰਵਾਰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਕਿਹਾ ਕਿ ਦਿੱਲੀ, ਜਿੱਥੇ ਭਾਜਪਾ ਨੇ ਹਾਲ ਹੀ ਵਿੱਚ ਏਜੰਸੀਆਂ ਅਤੇ ਦਿੱਲੀ ਪੁਲਸ ਦ ੀ • ਬਾਕੀ ਸਫਾ 2 'ਤੇ

## 12ਵੀਂ ਦੀਆਂ ਟਾਪਰ ਧੀਆਂ ਦਾ ਸਨਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੀ ਸਿੱਖਿਆ ਕ੍ਰਾਂਤੀ ਅਧੀਨ ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਜਮਾਤ ਦੀਆਂ ਪ੍ਰੀਖਿਆ ਵਿੱਚ 416 ਸਰਕਾਰੀ ਸਕੂਲਾਂ ਨੇ 100 ਫੀਸਦ ਪਾਸ ਦਰ ਦਰਜ ਹਾਸਲ ਕਰਦਿਆਂ ਇੱਕ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 500 ਵਿੱਚੋਂ 500 ਅੰਕ ਹਾਸਲ ਕਰਕੇ ਅੱਵਲ ਰਹਿਣ ਵਾਲੀਆਂ ਪੰਜਾਬ ਦੀਆਂ ਤਿੰਨ ਧੀਆਂ ਮਾਨਸਾ ਤੋਂ ਸੁਪਨੀਤ ਕੌਰ ਅਤੇ ਲੁਧਿਆਣਾ ਤੋਂ ਸੁਹਾਨੀ ਚੌਹਾਨ ਤੇ ਦਿਵਾਂਸ਼ੀ ਨੂੰ ਸਨਮਾਨਤ ਕਰਦਿਆਂ ਉਨ੍ਹਾਂ ਦੀ ਰੱਜ ਕੇ ਪ੍ਰਸੰਸਾ ਕਰਦਿਆਂ ਕਿਹਾ ਕਿ ਲੜਕੀਆਂ ਸਿੱਖਿਆ ਦੇ ਪੁਨਰ-ਉਥਾਨ ਦੀ ਅਗਵਾਈ ਕਰ ਰਹੀਆਂ ਹਨ।ਸਰਕਾਰੀ ਸਕੂਲਾਂ ਦੀ ਸਿੱਖਿਆ ਵਿੱਚ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦਿਆਂ ਮੈਰਿਟ ਸੂਚੀ ਵਿੱਚ ਸ਼ਾਮਲ • ਬਾਕੀ ਸਫਾ 2 'ਤੇ

## ਮਜ਼ਬੂਤ ਸਿਵਲ-ਮਿਲਟਰੀ ਸਹਿਯੋਗ ਦੀ ਵਕਾਲਤ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਪੱਛਮੀ ਕਮਾਂਡ ਦੇ ਆਰਮੀ ਕਮਾਂਡਰ ਲੈਫਟੀਨੈਂਟ ਜਨਰਲ ਪੁਸ਼ਪੇਂਦਰ ਸਿੰਘ ਨਾਲ ਮੁਲਾਕਾਤ ਦੌਰਾਨ ਪੰਜਾਬ ਵਿੱਚ ਮਜ਼ਬੂਤ ਸਿਵਲ-ਮਿਲਟਰੀ ਤਾਲਮੇਲ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਜਿਸ ਵਿੱਚ ਦੋਵੇਂ ਧਿਰਾਂ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਰਹੱਦੀ ਸੂਬੇ ਪੰਜਾਬ ਵਿੱਚ ਸਰਹੱਦੀ ਪ੍ਰਬੰਧਨ, ਅੰਦਰੂਨੀ ਸੁਰੱਖਿਆ, ਰਾਹਤ ਕਾਰਜ ਅਤੇ ਅਪਰੇਸ਼ਨਲ ਤਿਆਰੀਆਂ ਬਾਰੇ ਤਾਲਮੇਲ ਮਜ਼ਬੂਤ ਕਰਨ 'ਤੇ ਸਹਿਮਤ ਹੋਈਆਂ। ਚੰਡੀਗੜ੍ਹ ਵਿੱਚ ਹੋਈ ਇਸ ਮੀਟਿੰਗ ਵਿੱਚ ਸਰਹੱਦੀ ਖੇਤਰਾਂ ਵਿੱਚ ਚੱਲ ਰਹੇ ਪ੍ਰੋਜੈਕਟਾਂ ਨੂੰ ਤੇਜ਼ ਕਰਨ ਅਤੇ ਉਭਰ ਰਹੀਆਂ ਸੁਰੱਖਿਆ ਤੇ ਹੋਰ ਚੁਣੌਤੀਆਂ ਨਾਲ ਨਜਿੱਠਣ ਲਈ ਤਾਲਮੇਲ ਵਾਲਾ ਢਾਂਚਾ ਵਿਕਸਤ ਕਰਨ 'ਤੇ ਵੀ ਧਿਆਨ ਕੇਂਦਰਤ ਕੀਤਾ ਗਿਆ।ਲੈਫਟੀਨੈਂਟ ਜਨਰਲ ਪੁਸ਼ਪੇਂਦਰ ਸਿੰਘ ਵੱਲੋਂ ਪੱਛਮੀ ਫੌਜ ਦੀ ਕਮਾਂਡ ਸੰਭਾਲਣ ਤੋਂ ਬਾਅਦ ਫੌਜ • ਬਾਕੀ ਸਫਾ 2 'ਤੇ

# ਪੰਜਾਬੀ ਰੋਕ ਦੇਣਗੇ ਭਾਜਪਾ ਦੇ ਰੱਥ ਨੂੰ : ਸੀ ਪੀ ਆਈ

## ਕਾਮਰੇਡ ਗੁਰਮੇਲ ਹੂੰਝਣ ਤੇ ਜੋਗਿੰਦਰ ਸਿੰਘ ਦੇ 37ਵੇਂ ਸ਼ਹੀਦੀ ਦਿਨ 'ਤੇ ਵਿਸ਼ਾਲ ਸ਼ਰਧਾਂਜਲੀ ਸਮਾਗਮ



ਬੱਚਿਆਂ ਨੂੰ ਇਨਾਮ ਦਿੰਦੇ ਹੋਏ ਸ਼ਹੀਦ ਕਾਮਰੇਡ ਗੁਰਮੇਲ ਸਿੰਘ ਹੂੰਝਣ ਦੀ ਸੁਪਤਨੀ ਸ਼ਰਨਜੀਤ ਕੌਰ, ਜ਼ਿਲ੍ਹਾ ਸਕੱਤਰ ਡੀ ਪੀ ਮੌੜ, ਪ੍ਰਿੰਸੀਪਲ ਜਗਜੀਤ ਸਿੰਘ ਤੇ ਹੋਰ।

**ਪੰਧੇਰ ਖੇੜੀ (ਜਗਦੀਸ਼ ਰਾਏ ਬੌਬੀ)**
ਵੀਰਵਾਰ ਪਿੰਡ ਪੰਧੇਰ ਖੇੜੀ ਵਿਖੇ ਕਾਮਰੇਡ ਗੁਰਮੇਲ ਸਿੰਘ ਹੂੰਝਣ ਅਤੇ ਕਾਮਰੇਡ ਜੋਗਿੰਦਰ ਸਿੰਘ ਨੂੰ ਉਹਨਾਂ ਦੇ 37ਵੇਂ ਸ਼ਹੀਦੀ ਦਿਨ 'ਤੇ ਵਿਸ਼ਾਲ ਸ਼ਹੀਦੀ ਸਮਾਗਮ ਕਰਕੇ ਕੀਤਾ ਗਿਆ। ਇਸ ਵਿੱਚ ਅਹਿਦ ਕੀਤਾ ਗਿਆ ਕਿ ਭਾਜਪਾ ਦੀਆਂ ਫਿਰਕੂ ਤੇ ਵੰਡ-ਪਾਊ ਨੀਤੀਆਂ ਨੂੰ ਸਫਲ ਨਹੀਂ ਹੋਣ ਦਿੱਤਾ ਜਾਏਗਾ ਤੇ ਪੰਜਾਬੀ ਰਲਮਿਲ ਕੇ ਉਸ ਦੀਆਂ ਸਾਜ਼ਿਸ਼ਾਂ ਦਾ ਭਾਂਡਾ ਤੋੜ ਦੇਣਗੇ। ਸਮਾਗਮ ਦੀ ਪ੍ਰਧਾਨਗੀ ਸ਼ਹੀਦ ਗੁਰਮੇਲ ਸਿੰਘ ਹੂੰਝਣ ਦੀ ਸੁਪਤਨੀ ਸ਼ਰਨਜੀਤ ਕੌਰ, ਸ਼ਹੀਦ ਕਾਮਰੇਡ ਜੋਗਿੰਦਰ ਸਿੰਘ ਦੀ ਬੇਟੀ ਸਰਬਜੀਤ ਕੌਰ, ਪਿੰਡ ਪੰਧੇਰ ਖੇੜੀ ਦੀ ਸਰਪੰਚ ਦਲਜੀਤ ਕੌਰ ਅਤੇ ਸ਼ਹੀਦ ਗੁਰਮੇਲ ਹੂੰਝਣ ਦੇ ਭਰਾ ਕੁਲਵੰਤ ਸਿੰਘ ਨੇ ਸਾਂਝੇ ਤੌਰ 'ਤੇ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਪ੍ਰਮੁੱਖ ਬੁਲਾਰੇ ਗੁਲਜ਼ਾਰ ਗੋਰੀਆ ਮੈਂਬਰ ਕੌਮੀ ਕਾਰਜਕਾਰਨੀ ਸੀ ਪੀ ਆਈ ਨੇ ਕਿਹਾ ਕਿ ਗੁਰਮੇਲ ਹੂੰਝਣ ਸ਼ੁਰੂ ਤੋਂ ਹੀ ਇਨਕਲਾਬੀ ਸੁਭਾਅ ਦਾ ਸੀ, ਜੋ ਕਿ ਉਸ ਨੂੰ • ਬਾਕੀ ਸਫਾ 2 'ਤੇ

## ਸਤੀਸ਼ਨ ਕੇਰਲਾ ਦੇ ਨਵੇਂ ਸੀ ਐੱਮ



**ਨਵੀਂ ਦਿੱਲੀ** : ਨਤੀਜਿਆਂ ਦੇ 10 ਦਿਨ ਬਾਅਦ ਫੈਸਲਾ ਕੀਤਾ ਕਿ ਵੀ ਡੀ ਸਤੀਸ਼ਨ ਕੇਰਲਾ ਦੇ ਨਵੇਂ ਮੁੱਖ ਮੰਤਰੀ ਹੋਣਗੇ। 61 ਸਾਲਾ ਸਤੀਸ਼ਨ ਪਰਾਵੂਰ ਤੋਂ ਵਿਧਾਇਕ ਹਨ। ਸਤੀਸ਼ਨ ਨੇ ਕਿਹਾ, 'ਮੈਂ ਇਸ ਅਹੁਦੇ ਨੂੰ ਨਿੱਜੀ ਪ੍ਰਾਪਤੀ ਨਹੀਂ, ਸਗੋਂ ਇੱਕ ਬ੍ਰਹਮ ਆਸ਼ੀਰਵਾਦ ਮੰਨਦਾ ਹਾਂ। ਮੈਂ ਵੇਣੂਗੋਪਾਲ ਅਤੇ ਰਮੇਸ਼ ਚੇਨੀਥਲਾ ਸਮੇਤ ਸਾਰੇ ਨੇਤਾਵਾਂ ਨੂੰ ਵਿਸ਼ਵਾਸ ਵਿੱਚ ਲਵਾਂਗਾ।' ਵੇਣੂਗੋਪਾਲ ਅਤੇ ਚੇਨੀਥਲਾ ਇਸ ਅਹੁਦੇ ਦੇ ਵੱਡੇ ਦਾਅਵੇਦਾਰ ਸਨ।

## ਯੂ ਪੀ 'ਚ ਤੂਫਾਨ ਨਾਲ 104 ਮੌਤਾਂ

**ਲਖਨਊ** : ਬੁੱਧਵਾਰ ਯੂ ਪੀ ਦੇ 30 ਜ਼ਿਲ੍ਹਿਆਂ ਵਿੱਚ ਤੂਫਾਨ ਕਾਰਨ 104 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ ਪ੍ਰਯਾਗਰਾਜ ਅਤੇ ਅਯੁੱਧਿਆ ਸ਼ਾਮਲ ਹਨ। ਸਭ ਤੋਂ ਵੱਧ 21 ਮੌਤਾਂ ਪ੍ਰਯਾਗਰਾਜ ਅਤੇ 17 ਭਦੋਹੀ ਵਿੱਚ ਹੋਈਆਂ। ਬਰੇਲੀ ਵਿੱਚ ਇੱਕ ਵਿਅਕਤੀ ਹਵਾ ਵਿੱਚ ਉੱਡ ਗਿਆ।

## ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨਾਂ ਦੇ ਰਾਖਵੇਂਕਰਨ ਦਾ ਨੋਟੀਫਿਕੇਸ਼ਨ

**ਚੰਡੀਗੜ੍ਹ** : ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਕਰੀਬ ਛੇ ਮਹੀਨੇ ਮਗਰੋਂ 23 ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨਾਂ ਤੇ ਵਾਈਸ ਚੇਅਰਮੈਨਾਂ ਦੇ ਰਾਖਵੇਂਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸੱਤ ਜ਼ਿਲ੍ਹਾ ਪ੍ਰੀਸ਼ਦਾਂ ਦੇ ਜਨਰਲ ਚੇਅਰਮੈਨ ਹੋਣਗੇ ਅਤੇ ਸੱਤ ਪ੍ਰੀਸ਼ਦਾਂ ਦੀ ਚੇਅਰਮੈਨੀ ਦੀ ਕੁਰਸੀ 'ਤੇ ਜਨਰਲ ਵਰਗ ਦੀ ਮਹਿਲਾ ਬੈਠੇਗੀ। ਦਲਿਤ ਵਰਗ ਦੀਆਂ ਔਰਤਾਂ ਲਈ ਚਾਰ ਜ਼ਿਲ੍ਹਾ ਪ੍ਰੀਸ਼ਦਾਂ ਦੀ ਕੁਰਸੀ ਰਾਖਵੀਂ ਰੱਖੀ ਗਈ ਹੈ, ਜਦੋਂ ਕਿ ਐੱਸ ਸੀ ਵਰਗ ਲਈ ਪੰਜ ਪ੍ਰੀਸ਼ਦਾਂ ਦਾ ਰਾਖਵਾਂਕਰਨ ਕੀਤਾ ਗਿਆ ਹੈ। ਦੋਆਬੇ 'ਚ ਕੋਈ ਵੀ ਜ਼ਿਲ੍ਹਾ ਪ੍ਰੀਸ਼ਦ ਜਨਰਲ ਵਰਗ ਲਈ ਨਹੀਂ ਰੱਖੀ ਗਈ। ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਸੰਗਰੂਰ ਦੀ ਪ੍ਰੀਸ਼ਦ ਦੀ ਚੇਅਰਮੈਨੀ ਜਨਰਲ ਵਰਗ ਲਈ ਰੱਖੀ ਗਈ ਹੈ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਸਮੇਤ ਹੁਸ਼ਿਆਰਪੁਰ, ਪਠਾਨਕੋਟ, ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ, ਪਠਾਨਕੋਟ, ਮੁਹਾਲੀ ਅਤੇ ਬਰਨਾਲਾ ਦੀ ਪ੍ਰੀਸ਼ਦ ਦੀ ਚੇਅਰਮੈਨੀ ਔਰਤਾਂ ਲਈ ਰਾਖਵੀਂ ਕੀਤੀ ਗਈ ਹੈ, ਜਦੋਂ ਕਿ ਗੁਰਦਾਸਪੁਰ, ਫਰੀਦਕੋਟ, ਫਾਜ਼ਿਲਕਾ ਅਤੇ ਫਿਰੋਜ਼ਪੁਰ ਪ੍ਰੀਸ਼ਦ ਦੀ ਚੇਅਰਮੈਨੀ ਦਲਿਤ ਵਰਗ ਦੀ ਔਰਤ ਲਈ ਰਾਖਵੀਂ ਕੀਤੀ ਗਈ ਹੈ। ਇਸੇ ਤਰ੍ਹਾਂ ਜਲੰਧਰ, ਕਪੂਰਥਲਾ, ਲੁਧਿਆਣਾ, ਮਲੇਰਕੋਟਲਾ ਅਤੇ ਬਠਿੰਡਾ ਪ੍ਰੀਸ਼ਦ ਦੀ ਚੇਅਰਮੈਨੀ ਐੱਸ ਸੀ ਵਰਗ • ਬਾਕੀ ਸਫਾ 2 'ਤੇ

## ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਵਿਚਾਰ-ਚਰਚਾ 24 ਨੂੰ

**ਜਲੰਧਰ (ਕੇਸਰ)**-24 ਮਈ 1896 ਨੂੰ ਪਿੰਡ ਸਰਾਭਾ (ਲੁਧਿਆਣਾ) ਵਿਖੇ ਜਨਮੇ ਤੇ 16 ਨਵੰਬਰ 1916 ਨੂੰ ਕੇਂਦਰੀ ਜੇਲ੍ਹ ਲਾਹੌਰ ਵਿਖੇ ਫਾਂਸੀ ਲਗਾ ਦਿੱਤੇ ਗਏ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 130ਵੇਂ ਜਨਮ ਦਿਹਾੜੇ ਮੌਕੇ 24 ਮਈ (ਐਤਵਾਰ) ਸਵੇਰੇ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਉਹਨਾ ਦੀ ਘਾਲਣਾ ਨੂੰ ਸਿਜਦਾ ਕਰਨ ਲਈ ਵਿਚਾਰ-ਚਰਚਾ ਸਮਾਗਮ ਕੀਤਾ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਇਸ ਵਿਚਾਰ-ਚਰਚਾ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ (ਡਾ.) ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 'ਮਿਸਾਲੀ ਜੀਵਨ ਅਤੇ ਯੋਗਦਾਨ' ਵਿਸ਼ੇ ਉਪਰ ਆਪਣਾ ਕੁੰਜੀਵਤ ਭਾਸ਼ਣ ਦੇਣਗੇ।

## ਚੰਦ ਫਤਿਹਪੁਰੀ ਤੇ ਸੰਤੋਸ਼ ਬਰਾੜ ਨੂੰ ਸਦਮਾ

**ਜਲੰਧਰ (ਗਿਆਨ ਸੈਦਪੁਰੀ)**-ਨਵਾਂ ਜ਼ਮਾਨਾ ਦੇ ਸੰਪਾਦਕ ਚੰਦ ਫਤਿਹਪੁਰੀ ਹੁਰਾਂ ਦੀ ਜੀਵਨ ਸਾਥਣ ਅਤੇ ਭਾਰਤੀ ਕਮਿਊਨਿਸਟ ਪਾਰਟੀ ਜਲੰਧਰ (ਸ਼ਹਿਰੀ) ਦੇ ਸਕੱਤਰ ਕਾਮਰੇਡ ਸੰਤੋਸ਼ ਬਰਾੜ ਦੇ ਛੋਟੇ ਭਰਾਤਾ ਨਰਿੰਦਰ ਕੁਮਾਰ ਦਾ ਕੁਝ ਦਿਨ ਬਿਮਾਰ ਰਹਿਣ ਉਪਰੰਤ ਬੀਤੇ ਕੱਲ੍ਹ ਦਿਹਾਂਤ ਹੋ ਗਿਆ। ਨਵਾਂ ਜ਼ਮਾਨਾ ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ, ਟਰੱਸਟੀ ਐਡਵੋਕੇਟ ਰਜਿੰਦਰ ਸਿੰਘ ਮੰਡ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਅਤੇ ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਕਾਮਰੇਡ ਰਸ਼ਪਾਲ ਕੈਲੇ ਨੇ ਚੰਦ ਫਤਿਹਪੁਰੀ ਅਤੇ ਸੰਤੋਸ਼ ਬਰਾੜ ਨਾਲ ਆਪਣੀਆਂ ਸੰਵੇਦਨਾਵਾਂ ਸਾਂਝੀਆਂ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰ੍ਹਾਂ ਨਵਾਂ ਜ਼ਮਾਨਾ ਦੇ ਸਮੁੱਚੇ ਸਟਾਫ਼ ਨੇ ਵੀ ਨਰਿੰਦਰ ਕੁਮਾਰ ਦੇ ਤੁਰ ਜਾਣ ਨਾਲ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਦਿਆਂ ਦੁੱਖ ਦਾ • ਬਾਕੀ ਸਫਾ 2 'ਤੇ



## ਅੱਜ-ਨਾਮਾ

ਐੱਸ ਆਈ ਆਰ ਪੰਜਾਬ ਥੀਂ ਕਰੀ ਧਾਈ,
ਅਗਲੇ ਦਿਨੀਂ ਕੁਝ ਹੋਊ ਸਰਗਰਮ ਬੇਲੀ।
ਹਰ ਇੱਕ ਵੋਟਰ ਦੀ ਆਖਦੇ ਜਾਂਚ ਕਰਨੀ,
ਕੋਈ ਨਾ ਪਤਾ ਕਿ ਗਰਮ ਜਾਂ ਨਰਮ ਬੇਲੀ।
ਜੀਹਦੇ ਬੀਤੇ ਰਿਕਾਰਡ ਉਸ ਗਲਤ ਆਖੇ,
ਕਿੱਦਾਂ ਉਸ ਬੰਦੇ ਦਾ ਬਣੇਗਾ ਭਰਮ ਬੇਲੀ।
ਸਰਕਾਰੀ ਕੰਮ ਕੋਈ ਧਰਮ ਦਾ ਕੰਮ ਆਖੂ,
ਆਖੇਗਾ ਕੋਈ ਬੱਸ ਸਿਰਫ ਅਧਰਮ ਬੇਲੀ।
ਹਰ ਦਿਨ ਖਬਰ ਧਮੱਚੜ ਦੀ ਮਿਲੂ ਤਾਜ਼ੀ,
ਤੜਕਾ ਮੀਡੀਆ ਵੀ ਆਪਣਾ ਲਾਊ ਬੇਲੀ।
ਜਦ ਤੱਕ ਕਾਰਜ ਸਭ ਲੱਗੇਗਾ ਸਿਰੇ ਬੇਲੀ,
ਪਤਾ ਨਹੀਂ ਕਿੱਦਾਂ ਦਾ ਹਾਲ ਬਣਾਊ ਬੇਲੀ।

-ਤੀਸ ਮਾਰ ਖਾਂ



## ਜਨਗਣਨਾ ਡਿਊਟੀਆਂ ਨੂੰ ਲੈ ਕੇ ਵਫਦ ਤਹਿਸੀਲਦਾਰ ਨੂੰ ਮਿਲਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪਾਤੜਾਂ ਦੀ ਅਗਵਾਈ ਵਿੱਚ ਗੈਰ-ਵਿੱਦਿਅਕ ਡਿਊਟੀਆਂ ਦੇ ਵਿਰੋਧ ਵਜੋਂ ਤੇ ਜਨਗਣਨਾ ਡਿਊਟੀਆਂ ਸਬੰਧੀ ਅਧਿਆਪਕਾਂ ਨੂੰ ਦਰਪੇਸ਼ ਦਿੱਕਤਾਂ ਦੇ ਸੰਬੰਧ ਵਿੱਚ ਤਹਿਸੀਲਦਾਰ ਪਾਤੜਾਂ ਨੂੰ ਮਿਲ ਕੇ ਮੰਗ ਪੱਤਰ ਸੌਂਪਿਆ ਗਿਆ। ਜਾਣਕਾਰੀ ਦਿੰਦਿਆਂ ਡੀਟੀਐੱਫ਼ ਦੇ ਸੂਬਾਈ ਆਗੂ ਅਤਿੰਦਰਪਾਲ ਘੱਗਾ, ਬਲਾਕ ਪ੍ਰਧਾਨ ਰਾਜੀਵ ਕੁਮਾਰ ਤੇ ਬਲਾਕ ਸਕੱਤਰ ਬਲਜਿੰਦਰ ਘੱਗਾ ਨੇ ਦੱਸਿਆ ਕਿ ਸਰਕਾਰ ਵੱਲੋਂ ਪੰਜਾਬ ਭਰ ਵਿੱਚ ਅਧਿਆਪਕਾਂ ਦੀਆਂ ਵੱਡੀ ਪੱਧਰ 'ਤੇ ਜਨਗਣਨਾ ਡਿਊਟੀਆਂ ਲਗਾਈਆਂ ਗਈਆਂ ਹਨ, ਜਿਸ ਤਹਿਤ ਪਿਛਲੇ ਮਹੀਨੇ ਤੋਂ ਇਸ ਦੀ ਲਗਾਤਾਰ ਟ੍ਰੇਨਿੰਗ ਚੱਲ ਰਹੀ।ਇਸ ਕਾਰਨ ਜਿੱਥੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ, ਉੱਥੇ ਅਧਿਆਪਕ ਵਰਗ ਵੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਰਿਹਾ ਹੈ।ਜਥੇਬੰਦੀ ਵੱਲੋਂ ਜਨਗਣਨਾ ਡਿਊਟੀਆਂ ਸਬੰਧੀ ਅਧਿਆਪਕਾਂ ਨੂੰ ਆ ਰਹੀਆਂ ਦਿੱਕਤਾਂ ਜਿਵੇਂ ਕਿ ਮੈਡੀਕਲ ਆਧਾਰ, ਕਪਲ ਕੇਸ ਤੇ ਜਿਨ੍ਹਾਂ ਅਧਿਆਪਕਾਂ ਦੀਆਂ ਉਨ੍ਹਾਂ ਦੇ ਸਟੇਸ਼ਨ ਤੋਂ ਦੂਰ ਦੁਰਾਡੇ ਡਿਊਟੀਆਂ ਲਾਈਆਂ ਗਈਆਂ, ਉਸ ਸਬੰਧੀ ਤਹਿਸੀਲਦਾਰ ਪਾਤੜਾਂ ਹਰਸਿਮਰਨ ਸਿੰਘ ਨੂੰ ਮਿਲਿਆ ਗਿਆ ਤੇ ਪ੍ਰਸ਼ਾਸਨ ਨੇ ਅਧਿਆਪਕਾਂ ਨੂੰ ਆ ਰਹੀਆਂ ਦਿੱਕਤਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿਵਾਇਆ ਗਿਆ।ਇਸ ਮੌਕੇ ਸ਼ੰਕਰ ਸਿੰਘ, ਜਿੰਦਰ ਸਿੰਘ, ਸੰਦੀਪ ਸਿੰਘ, ਬਖਸ਼ੀਸ਼ ਸਿੰਘ ਤੇ ਹੋਰ ਵੱਡੀ ਗਿਣਤੀ ਅਧਿਆਪਕ ਹਾਜ਼ਰ ਸਨ।

## ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ 17 ਨੂੰ

### ਰਾਜਪਾਲ ਕਟਾਰੀਆ ਹੋਣਗੇ ਸਮਾਗਮ ਦੇ ਮੁੱਖ ਮਹਿਮਾਨ : ਚਰਨ ਸਿੰਘ



**ਨਾਭਾ (ਵਰਿੰਦਰ ਵਰਮਾ)**-ਮਹਾਨ ਸਿੱਖ ਯੋਧੇ ਤੇ ਸਿੱਖ ਇਤਿਹਾਸ ਦੇ ਮਹਾਨ ਨਿਰਮਾਤਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 303ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ਾਲ ਤੇ ਇਤਿਹਾਸਕ ਸਮਾਗਮ 17 ਮਈ 2026 ਨੂੰ ਵਿਸ਼ਵਕਰਮਾ ਭਵਨ ਭਾਦਸੋਂ ਰੋਡ (ਨੇੜੇ ਰੋਹਟੀ ਪੁਲ) ਨਾਭਾ ਵਿਖੇ ਕਰਵਾਇਆ ਜਾ ਰਿਹਾ ਹੈ।ਇਹ ਸਮਾਗਮ ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਨਾਭਾ ਵੱਲੋਂ ਆਯੋਜਿਤ ਕੀਤਾ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਸ੍ਰ. ਚਰਨ ਸਿੰਘ, ਚੇਅਰਮੈਨ ਸ੍ਰ. ਭਗਵੰਤ ਸਿੰਘ ਰਾਮਗੜ੍ਹੀਆ, ਆਲ ਇੰਡੀਆ ਕੰਬਾਈਨ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ. ਅਵਤਾਰ ਸਿੰਘ ਨੰਨੜੇ, ਸ੍ਰ. ਭਗਵੰਤ ਸਿੰਘ ਮੰਨਕੂ ਤੇ ਸ੍ਰ. ਪਰਮਜੀਤ ਸਿੰਘ ਕੈਂਥ ਨੇ ਦੱਸਿਆ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਇਤਿਹਾਸਕ ਯੋਗਦਾਨ ਤੇ ਕੌਮ ਪ੍ਰਤੀ ਨਿਭਾਈਆਂ ਵਿਸ਼ੇਸ਼ ਸੇਵਾਵਾਂ ਨੂੰ ਯਾਦ ਕਰਦਿਆਂ ਇਹ ਸਮਾਗਮ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮਾਣਯੋਗ ਰਾਜਪਾਲ ਗੁਲਾਬ ਚੰਦ ਕਟਾਰੀਆ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਆਗੂਆਂ ਨੇ ਕਿਹਾ ਕਿ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ ਤੇ ਪ੍ਰੋਗਰਾਮ ਦੀ ਰੂਪ-ਰੇਖਾ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ।

## ਸੁਪਰੀਮ ਟ੍ਰੈਕਟਰਜ਼ ਵੱਲੋਂ ਆਧੁਨਿਕ ਤਕਨੀਕ ਨਾਲ ਲੈਸ 'ਸਵਰਾਜ 969' ਲਾਂਚ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਭਾਰਤੀ ਖੇਤੀਬਾੜੀ ਖੇਤਰ ਦੀ ਨਾਮਵਰ ਕੰਪਨੀ 'ਮਹਿੰਦਰਾ ਸਮੂਹ' ਦੇ ਅਹਿਮ ਹਿੱਸੇ 'ਸਵਰਾਜ ਟਰੈਕਟਰਜ਼' ਵੱਲੋਂ ਆਪਣੀ ਉੱਚ-ਪ੍ਰਦਰਸ਼ਨ ਵਾਲੀ ਲੜੀ ਵਿੱਚ ਇੱਕ ਨਵਾਂ ਅਧਿਆਏ ਜੋੜਦਿਆਂ ਸਵਰਾਜ 969 FE DWD ਨੂੰ ਅਧਿਕਾਰਤ ਤੌਰ 'ਤੇ ਲਾਂਚ ਕੀਤਾ ਗਿਆ ਹੈ।ਸੁਪਰੀਮ ਟ੍ਰੈਕਟਰਜ਼ ਵਿਖੇ ਸਮਾਗਮ ਦੌਰਾਨ ਇਸ ਹੈਵੀ-ਡਿਊਟੀ ਟਰੈਕਟਰ ਤੋਂ ਪਰਦਾ ਹਟਾਇਆ ਗਿਆ, ਜੋ ਕਿ 66-70 ਹਾਰਸਪਾਵਰ ਦੀ ਸ਼੍ਰੇਣੀ ਵਿੱਚ ਵਪਾਰਕ ਖੇਤੀ ਤੇ ਉਦਯੋਗਿਕ ਕੰਮਾਂ ਲਈ ਇੱਕ ਮੀਲ ਪੱਥਰ ਸਾਬਿਤ ਹੋਵੇਗਾ।ਕੰਪਨੀ ਅਧਿਕਾਰੀਆਂ ਨੇ ਦੱਸਿਆ ਕਿ ਇਹ ਨਵਾਂ ਮਾਡਲ ਅਜੋਕੇ ਸਮੇਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਕਈ ਵੱਡੀਆਂ ਤਬਦੀਲੀਆਂ ਨਾਲ ਪੇਸ਼ ਕੀਤਾ ਗਿਆ ਹੈ।ਲੰਬੇ ਸਮੇਂ ਤੱਕ ਚੱਲਣ ਵਾਲਾ ਹਾਈ ਟੋਰਕ ਇੰਜਣ, ਜੋ ਟਰਬੋ ਚਾਰਜਰ ਤੇ ਇੰਟਰਕੂਲਰ ਨਾਲ ਲੈਸ ਹੈ।ਕਿਸਾਨਾਂ ਦੀ ਸਹੂਲਤ ਲਈ ਫਲੈਟ ਪਲੇਟਫਾਰਮ, ਆਰਾਮਦਾਇਕ ਸੀਟ ਤੇ ਸ਼ਾਨਦਾਰ ਕੰਪਨੀ ਫਿਟਿਡ ਕੈਨੋਪੀ (ਛੱਤ) ਦਿੱਤੀ ਗਈ ਹੈ।ਲਾਂਚਿੰਗ ਸਮਾਗਮ ਦੌਰਾਨ ਇਲਾਕੇ ਦੇ 200 ਤੋਂ ਵੱਧ ਅਗਾਂਹਵਧੂ ਕਿਸਾਨਾਂ ਨੇ ਸ਼ਿਰਕਤ ਕੀਤੀ ਤੇ ਨਵੇਂ ਮਾਡਲ ਵਿੱਚ ਡੂੰਘੀ ਦਿਲਚਸਪੀ ਦਿਖਾਈ।ਮੌਕੇ 'ਤੇ ਹੀ 6 ਟਰੈਕਟਰਾਂ ਦੀ ਵਿਕਰੀ (ਡਿਲੀਵਰੀ) ਕੀਤੀ ਗਈ।ਇਸ ਮੌਕੇ ਸਵਰਾਜ ਟਰੈਕਟਰ ਕੰਪਨੀ ਦੇ ਉੱਚ ਅਧਿਕਾਰੀ ਟੀ ਐੱਮ ਸੁਮਿਤ ਬਾਂਸਲ, ਸੀ.ਸੀ.ਟੀ. ਗੁਰਪ੍ਰੀਤ ਸਿੰਘ ਤੇ ਐੱਫ ਏ ਸੀ ਗੁਰਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।

## ਕਾਂਗਰਸ ਨਗਰ ਕੌਂਸਲ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕਰੇਗੀ : ਰਾਜਿੰਦਰ ਸਿੰਘ



**ਪਟਿਆਲਾ/ਸਮਾਣਾ (ਰਾਜਿੰਦਰ ਥਿੰਦ, ਇਕਬਾਲ ਸਿੰਘ)**-ਸਮਾਣਾ ਨਗਰ ਕੌਂਸਲ ਦੀ ਚੋਣ ਨੂੰ ਲੈ ਕੇ ਕਾਂਗਰਸ ਹਲਕਾ ਸਮਾਣਾ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਰਾਜਿੰਦਰ ਸਿੰਘ ਦੀ ਅਗਵਾਈ ਹੇਠ ਚੋਣ ਮੁਹਿਮ ਸ਼ੁਰੂ ਹੋ ਚੁੱਕੀ ਹੈ। ਰਾਜਿੰਦਰ ਸਿੰਘ ਦੀ ਅਗਵਾਈ ਹੇਠ ਨਗਰ ਕੌਂਸਲ ਸਮਾਣਾ ਦੀਆਂ ਚੋਣਾਂ ਸਬੰਧੀ ਅੱਜ ਅੱਗਰਵਾਲ ਧਰਮਸ਼ਾਲਾ ਸਮਾਣਾ ਵਿਖੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਤੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਕਾਂਗਰਸ ਪਾਰਟੀ ਵੱਲੋਂ ਲਗਾਏ ਨਗਰ ਕੌਂਸਲ ਸਮਾਣਾ ਚੋਣਾਂ ਦੇ ਇੰਚਾਰਜ ਰਵਿੰਦਰ ਸਿੰਘ ਪਾਲੀ (ਸੀਨੀਅਰ ਕਾਂਗਰਸ ਆਗੂ ਚੰਡੀਗੜ੍ਹ) ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਰਾਜਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਮਜ਼ਬੂਤੀ ਨਾਲ ਇਹ ਚੋਣਾਂ ਲੜ ਕੇ ਸ਼ਾਨਦਾਰ ਜਿੱਤ ਹਾਸਲ ਕਰੇਗੀ।

## ਵਿਧਾਇਕ ਸਵਨਾ ਵੱਲੋਂ ਲਾਇਬ੍ਰੇਰੀ ਦਾ ਉਦਘਾਟਨ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਪਿੰਡ ਬਕੈਣ ਵਾਲਾ ਵਿਖੇ 8 ਲੱਖ ਦੀ ਲਾਗਤ ਨਾਲ ਬਣਾਈ ਨਵੀਂ ਲਾਇਬ੍ਰੇਰੀ ਦਾ ਉਦਘਾਟਨ ਕੀਤਾ। ਇਸ ਮੌਕੇ ਵਿਧਾਇਕ ਸ੍ਰੀ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ: ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਉਦੇਸ਼ ਸਾਡੇ ਨੌਜਵਾਨਾਂ ਨੂੰ ਸਹੀ ਸੇਧ ਦੇਣਾ ਹੈ, ਤਾਂ ਕਿ ਉਹ ਪੜ੍ਹ ਲਿਖ ਕੇ ਅੱਗੇ ਵੱਧ ਸਕਣ ਅਤੇ ਦੇਸ਼ ਤੇ ਸੂਬੇ ਲਈ ਆਪਣਾ ਯੋਗਦਾਨ ਪਾ ਸਕਣ।ਉਨ੍ਹਾਂ ਕਿਹਾ ਕਿ ਇਹ ਲਾਇਬ੍ਰੇਰੀ ਨੌਜਵਾਨਾਂ ਦੇ ਰੌਸ਼ਨ ਭਵਿੱਖ ਲਈ ਵੇਖੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਉਨ੍ਹਾਂ ਦੀ ਮਦਦਗਾਰ ਬਣੇਗੀ।ਉਨ੍ਹਾਂ ਕਿਹਾ ਕਿ ਇਨ੍ਹਾਂ ਲਾਇਬ੍ਰੇਰੀਆਂ ਵਿੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਕਿਤਾਬਾਂ, ਮੈਗਜ਼ੀਨ ਤੇ ਅਖਬਾਰ ਨੌਜਵਾਨਾਂ ਨੂੰ ਉਪਲਬੱਧ ਹੋਣਗੇ, ਤਾਂ ਕਿ ਬੱਚੇ ਪੰਜਾਬ ਸਰਕਾਰ ਦੁਆਰਾ ਦਿੱਤੀ ਗਈਆਂ ਨੌਕਰੀਆਂ ਦੀ ਤਿਆਰੀ ਕਰ ਸਕਣ।

## ਭਾਜਪਾ ਨੇ ਖੋਲ੍ਹੇ ਚੋਣ ਪੱਤੇ, ਉਮੀਦਵਾਰਾਂ ਦੀ ਲਿਸਟ ਜਾਰੀ



**ਰਾਜਪੁਰਾ (ਰਮੇਸ਼ ਕਟਾਰੀਆ)**-ਭਾਰਤੀ ਜਨਤਾ ਪਾਰਟੀ ਰਾਜਪੁਰਾ ਵੱਲੋਂ ਨਗਰ ਕੌਂਸਲ ਚੋਣਾਂ ਲਈ ਆਪਣੇ ਉਮੀਦਵਾਰਾਂ ਦਾ ਅਧਿਕਾਰਕ ਐਲਾਨ ਕਰ ਦਿੱਤਾ ਗਿਆ।ਭਾਜਪਾ ਦੇ ਰਾਜਪੁਰਾ ਨਗਰ ਕੌਂਸਲ ਚੋਣਾਂ ਦੇ ਇੰਚਾਰਜ ਐਸ ਕੇ ਦੇਵ ਨੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ।ਇਸ ਮੌਕੇ ਹਲਕਾ ਇੰਚਾਰਜ ਭਾਜਪਾ ਜਗਦੀਸ਼ ਜੱਗਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਭਾਜਪਾ ਆਗੂਆਂ ਨੇ ਦਾਅਵਾ ਕੀਤਾ ਕਿ ਪਾਰਟੀ ਇਸ ਵਾਰ ਵਿਕਾਸ ਦੇ ਮੁੱਦੇ 'ਤੇ ਚੋਣ ਮੈਦਾਨ ਵਿੱਚ ਉਤਰੀ ਹੈ ਤੇ ਲੋਕਾਂ ਦਾ ਭਾਰੀ ਸਮਰਥਨ ਭਾਜਪਾ ਨੂੰ ਮਿਲ ਰਿਹਾ ਹੈ।ਉਮੀਦਵਾਰਾਂ ਦੀ ਸੂਚੀ ਸਾਹਮਣੇ ਆਉਣ ਨਾਲ ਹੀ ਰਾਜਪੁਰਾ ਦੀ ਸਿਆਸਤ 'ਚ ਚਰਚਾਵਾਂ ਤੇਜ਼ ਹੋ ਗਈਆਂ ਹਨ।ਵਾਰਡ 1 ਹਰਵਿੰਦਰ ਕੌਰ, ਵਾਰਡ 2 ਪੁਰਸ਼ੋਤਮ ਕੁਮਾਰ, ਵਾਰਡ 3 ਅਰਚਨਾ, ਵਾਰਡ 4 ਪ੍ਰਸ਼ਾਂਤ ਬਾਂਸਲ, ਵਾਰਡ 5 ਮੋਨਿਕਾ ਸ਼ਰਮਾ, ਵਾਰਡ 6 ਨਰਿੰਦਰ ਪਟਿਆਲ, ਵਾਰਡ 7 ਨੀਲਮ ਮਹਿਤਾ, ਵਾਰਡ 8 ਪ੍ਰਤੀਕ ਕੁਮਾਰ, ਵਾਰਡ 11 ਗੁਰਜੀਤ ਕੌਰ ਵਿਰਕ, ਵਾਰਡ 12 ਰੁਪਿੰਦਰ ਸਿੰਘ ਰੂਪੀ, ਵਾਰਡ 13 ਤਰੁਣਾ ਕੁਮਾਰੀ, ਵਾਰਡ 14 ਕਿਰਣ ਹੰਸ, ਵਾਰਡ 15 ਸੋਨੀਆ ਸਪਰਾ, ਵਾਰਡ 17 ਨੀਲਮ ਮੁਖੀਜਾ, ਵਾਰਡ 18 ਡਾ. ਅਰੁਣ ਕੌਸ਼ਲ, ਵਾਰਡ 19 ਅਰਚਨਾ, ਵਾਰਡ 20 ਕ੍ਰਿਸ਼ਨ ਸਿੰਘ, ਵਾਰਡ 21 ਰਾਜ ਰਾਣੀ, ਵਾਰਡ 22 ਗੁਰਦਿਆਲ ਲਾਲ, ਵਾਰਡ 23 ਨਰਿੰਦਰ ਕੌਰ, ਵਾਰਡ 24 ਪ੍ਰੇਮ ਚੰਦ, ਵਾਰਡ 25 ਗੀਟਾ ਰਾਣੀ, ਵਾਰਡ 26 ਨਰਿੰਦਰ ਸਿੰਘ, ਵਾਰਡ 27 ਜਯੋਤੀ, ਵਾਰਡ 28 ਜਗਦੀਪ ਜੱਗੀ, ਵਾਰਡ 29 ਆਸ਼ਾ ਸਹਿਜੜਾ, ਵਾਰਡ 30 ਤਰੁਣ ਕੁਮਾਰ, ਵਾਰਡ 31 ਹਰਿੰਦਰ ਭਾਰਦਵਾਜ ਉਮੀਦਵਾਰ ਐਲਾਨੇ ਗਏ ਹਨ।

## ਕਾਮਰੇਡ ਘੱਗਾ ਦੀ ਵਿੱਦਿਆ ਖੇਤਰ 'ਚ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ : ਮੌਲਵੀਵਾਲਾ

### 16ਵੀਂ ਬਰਸੀ ਮੌਕੇ ਕਾਮਰੇਡ ਘੱਗਾ ਨੂੰ ਕੀਤਾ ਯਾਦ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਇਲਾਕੇ ਦੀ ਨਾਮਵਰ ਸਮਾਜਸੇਵੀ ਸੰਸਥਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਟਰੱਸਟ ਦੇ ਲੰਬਾ ਸਮਾਂ ਪ੍ਰਧਾਨ ਰਹੇ ਸਵਰਗੀ ਕਾਮਰੇਡ ਹਰਪਾਲ ਸਿੰਘ ਘੱਗਾ ਦੀ ਬਰਸੀ ਮੌਕੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਹਾਮਝੇੜੀ ਵਿਖੇ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਦੌਰਾਨ ਟਰੱਸਟ ਦੇ ਮੈਂਬਰਾਂ ਤੇ ਸਕੂਲ ਦੇ ਸਟਾਫ ਨੇ ਉਨ੍ਹਾਂ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾਂਜਲੀਆਂ ਦਿੱਤੀਆਂ।ਸਮਾਗਮ ਨੂੰ ਸੰਬੋਧਨ ਕਰਦਿਆਂ ਟਰੱਸਟ ਦੇ ਜਨਰਲ ਸਕੱਤਰ ਭੁਪਿੰਦਰਜੀਤ ਮੌਲਵੀਵਾਲਾ ਨੇ ਦੱਸਿਆ ਕਿ ਦੇਸ਼ ਭਗਤ ਤੇਜਾ ਸਿੰਘ ਸੁਤੰਤਰ ਦੇ ਸਾਥੀ ਰਹੇ ਕਾਮਰੇਡ ਘੱਗਾ ਨੇ ਵਿੱਦਿਆ ਦੇ ਚਾਨਣ ਮੁਨਾਰੇ ਕਿਰਤੀ ਕਾਲਜ ਨਿਆਲ ਦੇ ਸਰਕਾਰੀ ਹੱਥਾਂ ਵਿੱਚ ਜਾਣ ਮਗਰੋਂ ਪਾਤੜਾਂ ਇਲਾਕੇ ਵਿੱਚ ਸਮਾਜ ਸੇਵੀ ਸੰਸਥਾ ਵਜੋਂ ਟਰੱਸਟ ਦੀ ਸਥਾਪਨਾ ਕਰਕੇ ਲੜਕੀਆਂ ਨੂੰ ਵਿੱਦਿਆ ਦੇਣ ਲਈ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਸਥਾਪਨਾ ਕੀਤੀ, ਜੋ ਹੁਣ ਲੜਕੀਆਂ ਦਾ ਕਾਲਜ ਬਣ ਚੁੱਕਾ ਹੈ ਅਤੇ ਇਸ ਦੇ ਨਾਲ ਨਾਲ ਇਸ ਸਕੂਲ ਦੀਆਂ ਹਾਮਝੇੜੀ, ਘੱਗਾ ਤੇ ਕਕਰਾਲਾ ਵਿਖੇ ਬਰਾਂਚਾਂ ਸਫਲਤਾ ਪੂਰਵਕ ਚੱਲ ਰਹੀਆਂ ਹਨ।ਉਨ੍ਹਾਂ ਕਿਹਾ ਕਿ ਕਾਮਰੇਡ ਘੱਗਾ ਦੀ ਵਿੱਦਿਆ ਦੇ ਖੇਤਰ ਵਿੱਚ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਗੁਰਤੇਜ ਸਿੰਘ ਟਰੱਸਟ ਦੇ ਖਜ਼ਾਨਚੀ ਰਾਜੇਸ਼ ਕੁਮਾਰ ਤੇ ਬਲਰਾਮ ਸਿੰਘ ਨੇ ਕਾਮਰੇਡ ਘੱਗਾ ਦੀ ਜੀਵਨੀ ਸਬੰਧੀ ਜਾਣਕਾਰੀ ਦਿੱਤੀ।



## ਕਰ ਭਲਾ ਹੋ ਭਲਾ ਸੰਸਥਾ ਨੂੰ ਈ ਰਿਕਸ਼ਾ ਭੇਟ



**ਜਗਰਾਓਂ (ਅਮਿਤ ਖੰਨਾ)**-ਕਰ ਭਲਾ ਹੋ ਭਲਾ ਸੰਸਥਾ ਸਮੇਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸ਼ਹਿਰ ਵਾਸੀਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਜੀ-ਜਾਨ ਨਾਲ ਜੁਟੀ ਹੋਈ ਹੈ। ਇਸੇ ਲੜੀ ਤਹਿਤ ਵਾਈਸ ਚੇਅਰਮੈਨ ਡਾਕਟਰ ਮਦਨ ਲਾਲ ਅਰੋੜਾ, ਅਜੈ ਗੁਪਤਾ ਤੇ ਮਨੀਸ਼ ਅਰੋੜਾ ਵੱਲੋਂ ਕਰ ਭਲਾ ਹੋ ਭਲਾ ਸੰਸਥਾ ਨੂੰ ਈ ਰਿਕਸ਼ਾ ਭੇਟ ਕੀਤੀ ਗਈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਰੋਹਿਤ ਅਰੋੜਾ ਤੇ ਪ੍ਰਧਾਨ ਵਿਸ਼ਾਲ ਸ਼ਰਮਾ ਨੇ ਇਨ੍ਹਾਂ ਸਹਿਯੋਗੀ ਸੱਜਣਾਂ ਦਾ ਧਨਵਾਦ ਕੀਤਾ ਅਤੇ ਕਰ ਭਲਾ ਹੋ ਭਲਾ ਸੰਸਥਾ ਵੱਲੋਂ ਸਨਮਾਨਤ ਕੀਤਾ ਗਿਆ। ਇਹ ਸੰਸਥਾ ਸਵਰਗੀ ਅਮਿਤ ਅਰੋੜਾ ਦੀ ਮਿੱਠੀ ਯਾਦ ਵਿੱਚ ਹਰ ਰੋਜ਼ 1000 ਥਾਲੀ ਲੰਗਰ ਦੀ ਸੇਵਾ ਕਰਦੀ ਹੈ ਤੇ ਹਰੇਕ ਮਹੀਨੇ ਬਜ਼ੁਰਗਾਂ ਨੂੰ ਰਾਸ਼ਨ ਦਿੰਦੀ ਹੈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਰੋਹਿਤ ਅਰੋੜਾ, ਪ੍ਰਧਾਨ ਵਿਸ਼ਾਲ ਸ਼ਰਮਾ ਸਰਪ੍ਰਸਤ ਸੁਨੀਲ ਬਜਾਜ, ਖਜ਼ਾਨਚੀ ਨੀਰਜ ਕਟਾਰੀਆ, ਨਨੇਸ਼ ਗਾਂਧੀ ਪੀ ਆਰ ਓ, ਸੈਕਟਰੀ ਕੰਵਲ ਕੱਕੜ, ਵਾਈਸ ਚੇਅਰਮੈਨ ਡਾਕਟਰ ਮਦਨ ਲਾਲ, ਨਰੇਸ਼ ਵਰਮਾ, ਸੁਭਮ ਅਰੋੜਾ, ਰਾਜਨ ਬਜਾਜ ਤੇ ਰਿਕੀ ਚਾਵਲਾ ਆਦਿ ਹਾਜ਼ਰ ਸਨ।

## ਟ੍ਰਾਈਡੈਂਟ ਗਰੁੱਪ ਵੱਲੋਂ ਆਈਆਈਟੀ ਰੋਪੜ ਨਾਲ ਉਦਯੋਗ-ਅਕਾਦਮਿਕ ਸਾਂਝ ਨੂੰ ਮਿਲੀ ਨਵੀਂ ਦਿਸ਼ਾ

**ਬਰਨਾਲਾ (ਰਾਜਿੰਦਰ ਬਰਾੜ)**

ਟ੍ਰਾਈਡੈਂਟ ਗਰੁੱਪ ਨੇ ਧੌਲਾ ਸਥਿਤ ਟਾਵਲ ਤੇ ਪੇਪਰ ਨਿਰਮਾਣ ਯੂਨਿਟ ਵਿਖੇ ਆਈਆਈਟੀ ਰੋਪੜ ਦੇ ਅਕਾਦਮਿਕ ਵਿਦਵਾਨਾਂ ਲਈ ਉਦਯੋਗਿਕ ਦੌਰੇ ਦਾ ਆਯੋਜਨ ਕੀਤਾ।ਦੌਰੇ ਦਾ ਮਕਸਦ ਨਵੀਨਤਾ, ਟਿਕਾਊ ਨਿਰਮਾਣ ਤੇ ਆਧੁਨਿਕ ਤਕਨੀਕਾਂ ਰਾਹੀਂ ਉਦਯੋਗ ਅਤੇ ਅਕਾਦਮਿਕ ਖੇਤਰ ਵਿਚਕਾਰ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ ਸੀ।ਟ੍ਰਾਈਡੈਂਟ ਦੀ ਇਨੋਵੇਸ਼ਨ ਟੀਮ ਨੇ ਡਾ. ਜਯਾਰਾਮ ਵੱਲੂਰੂ ਤੇ ਡਾ. ਨਵਿਨ ਗੋਪੀਨਾਥਨ ਦਾ ਸਵਾਗਤ ਕੀਤਾ। ਇਹ ਦੌਰਾ ਪ੍ਰਸਤਾਵਿਤ ਐਮਓਯੂ ਤੋਂ ਪਹਿਲਾਂ ਸਾਂਝੇ ਸਹਿਯੋਗ ਦੀਆਂ ਸੰਭਾਵਨਾਵਾਂ ਨੂੰ ਖੰਗਾਲਣ ਲਈ ਕਰਾਇਆ ਗਿਆ, ਜਿਸ ਦੌਰਾਨ ਐਡਵਾਂਸਡ ਡਾਟਾ ਐਨਾਲਿਟਿਕਸ ਅਤੇ ਏਆਈ ਆਧਾਰਿਤ ਪ੍ਰੋਸੈਸ ਕੰਟਰੋਲ ਰਾਹੀਂ ਉਤਪਾਦਨ ਸਮਰੱਥਾ ਤੇ ਟਿਕਾਊਪਣ ਵਧਾਉਣ 'ਤੇ ਵਿਚਾਰ-ਵਟਾਂਦਰਾ ਹੋਇਆ।

ਦੌਰੇ ਦੌਰਾਨ ਆਈਆਈਟੀ ਦੇ ਪ੍ਰਤੀਨਿਧ ਮੰਡਲ ਨੂੰ ਟ੍ਰਾਈਡੈਂਟ ਦੇ ਇਕਰੂਪ ਨਿਰਮਾਣ ਤੰਤਰ, ਪ੍ਰੋਸੈਸ ਆਪਟੀਮਾਈਜ਼ੇਸ਼ਨ ਤੇ ਸਰੋਤਾਂ ਦੀ ਪ੍ਰਭਾਵਸ਼ਾਲੀ ਵਰਤੋਂ ਸਬੰਧੀ ਪਹਿਲਾਂ ਬਾਰੇ ਵਿਸਥਾਰ ਨਾਲ ਜਾਣੂ ਕਰਾਇਆ ਗਿਆ।ਇਸ ਮੌਕੇ ਉਭਰਦੀਆਂ ਤਕਨੀਕਾਂ ਦੇ ਜ਼ਰੀਏ ਡਾਟਾ ਅਧਾਰਤ ਫੈਸਲਾ ਪ੍ਰਣਾਲੀ ਤੇ ਸਮਾਰਟ ਮੈਨੂਫੈਕਚਰਿੰਗ ਪ੍ਰਕਿਰਿਆਵਾਂ ਨੂੰ ਵੀ ਦਰਸਾਇਆ ਗਿਆ।ਪ੍ਰੋਗਰਾਮ ਦੇ ਅੰਤ ਵਿੱਚ ਰਜਨੀਸ਼ ਗੇਰਾ, ਡਾ. ਐਨ.ਸੀ.ਰੇ ਤੇ ਟ੍ਰਾਈਡੈਂਟ ਦੀ ਇਨੋਵੇਸ਼ਨ ਤੇ ਅਪ੍ਰੇਸ਼ਨ ਟੀਮ ਨਾਲ ਵਿਸਥਾਰਪੂਰਵਕ ਚਰਚਾ ਹੋਈ।ਇਸ ਦੌਰਾਨ ਭਵਿੱਖ ਵਿੱਚ ਤਕਨੀਕ ਆਧਾਰਿਤ ਨਿਰਮਾਣ ਨਵੀਨਤਾਵਾਂ ਤੇ ਸਾਂਝੇ ਖੋਜ ਕਾਰਜਾਂ ਨੂੰ ਅੱਗੇ ਵਧਾਉਣ ਲਈ ਰੂਪਰੇਖਾ ਤੈਅ ਕੀਤੀ ਗਈ।

## ਸਰਵਹਿੱਤਕਾਰੀ ਸਕੂਲ ਦਾ ਨਤੀਜਾ 100 ਫੀਸਦੀ ਰਿਹਾ



**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜੇ ਵਿੱਚ ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮੱਖੂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦੇ ਸਾਰੇ ਬੱਚਿਆਂ ਨੇ ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਸਕੂਲ ਦੇ ਬੱਚਿਆਂ ਦਾ ਨਤੀਜਾ 100% ਰਿਹਾ।ਦਸਵੀਂ ਜਮਾਤ ਦੇ ਨਤੀਜੇ ਵਿੱਚ ਸਕੂਲ਼ ਦੇ ਬੱਚੇ ਮਨਪ੍ਰੀਤ ਕੌਰ ਨੇ (83.84%) ਅੰਕ, ਨਮਨਪ੍ਰੀਤ ਸਿੰਘ ਨੇ (82.92%) ਅੰਕ, ਜਸਪ੍ਰੀਤ ਕੌਰ ਨੇ (80.61%) ਅੰਕ ਪ੍ਰਾਪਤ ਕਰਕੇ ਸਕੂਲ਼ ਵਿੱਚ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਦੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਤੇ ਉਨ੍ਹਾਂ ਦੇ ਉੱਜਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਪ੍ਰਗਟ ਕੀਤੀਆਂ।ਦਸਵੀਂ ਜਮਾਤ ਦਾ ਨਤੀਜਾ ਵਧੀਆ ਆਉਣ ਕਾਰਨ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਰਿਹਾ।

## ਸੁਖਦਿਆਲ ਸਿੰਘ ਪਰਵਾਰ ਸਮੇਤ ਕਾਂਗਰਸ 'ਚ ਸ਼ਾਮਲ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਹਲਕਾ ਗੁਰੂ ਹਰਸਹਾਏ ਤੋਂ ਸੁਖਦਿਆਲ ਸਿੰਘ (ਸੁੱਖਾ ਮੈਂਬਰ) ਪਰਵਾਰ ਸਮੇਤ ਆਮ ਆਦਮੀ ਪਾਰਟੀ ਛੱਡ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਵੱਲੋਂ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਗਿਆ।ਇਸ ਮੌਕੇ ਆਤਮਜੀਤ ਸਿੰਘ ਡੇਵਿਡ, ਭੀਮ ਕੰਬੋਜ, ਅਮਰੀਕ ਸਿੰਘ, ਅਮਨ ਦੁੱਗਲ, ਸਿੰਮੂ ਪਾਸੀ, ਵਿੱਕੀ ਸੇਠੀ, ਵਿਪਨ ਅਨੇਜਾ, ਸੁਖਦਰਸ਼ਨ ਸਿੰਘ ਮੌਜੂਦ ਸਨ।

## ਪਿੰਡ ਤੂਰਬੰਜਾਰੇ ਦੀਆਂ ਧਰਮਸ਼ਾਲਾਵਾਂ ਲਈ 41 ਲੱਖ ਰੁਪਏ ਦੀ ਗ੍ਰਾਂਟ

**ਦਿੜ੍ਹਬਾ ਮੰਡੀ (ਜਸਵੀਰ ਲਾਡੀ)**-ਪਿੰਡ ਤੂਰਬੰਨਜਾਰਾ ਵਿੱਚ ਮਜ਼ਬੀ ਸਿੱਖ ਭਾਈਚਾਰੇ ਲਈ ਧਰਮਸ਼ਾਲਾ ਦਾ ਕੰਮ ਪੂਰੇ ਜ਼ੋਰਾਂ ਨਾਲ ਚੱਲ ਰਿਹਾ ਹੈ।ਸਰਪੰਚ ਸਰਦਾਰ ਬਲਜੀਤ ਸਿੰਘ (ਰਾਜ ਸਰਪੰਚ) ਨੇ ਦੱਸਿਆ ਕਿ ਪਿੰਡ ਵਿੱਚ ਮਜ਼ਬੀ ਸਿੱਖ ਭਾਈਚਾਰੇ ਨੂੰ ਧਰਮਸ਼ਾਲਾ ਦੀ ਕਮੀ ਆ ਰਹੀ ਸੀ।ਮੰਤਰੀ ਹਰਪਾਲ ਸਿੰਘ ਚੀਮਾ ਕੋਲੋਂ ਮੰਗ ਕਰਨ 'ਤੇ ਉਨ੍ਹਾਂ ਧਰਮਸ਼ਾਲਾ ਲਈ 7 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਹੈ, ਜਿਸ ਨਾਲ 11 ਵਿਸਵੇ ਵਿੱਚ ਧਰਮਸ਼ਾਲਾ ਦੀ ਉਸਾਰੀ ਸ਼ੁਰੂ ਕਰ ਦਿੱਤੀ ਹੈ।ਇਸ ਤੋਂ ਇਲਾਵਾ ਪਿੰਡ ਦੀਆਂ ਵੱਖ-ਵੱਖ ਧਰਮਸ਼ਾਲਾ ਲਈ ਵੀ ਕੁੱਲ 41 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ।ਸਰਪੰਚ ਬਲਜੀਤ ਸਿੰਘ ਨੇ ਵਿੱਤ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਵਿੱਚ ਵਿਕਾਸ ਕਾਰਜਾਂ ਦੀ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ ਤੇ ਪਿੰਡ ਵਾਸੀਆਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਜਾਣਗੇ।



ਨਵਾਂ ਜ਼ਮਾਨਾ
ਸ਼ੁੱਕਰਵਾਰ, 15 ਮਈ 2026

# ਦੇਖਣ ਵਾਲੇ ਹੋਣਗੇ ਈਰਾਨ ਤੇ ਕੁਰਾਕਾਓ ਦੇ ਜਲਵੇ

11 ਜੂਨ ਤੋਂ ਅਮਰੀਕਾ, ਕੈਨੇਡਾ ਤੇ ਮੈਕਸੀਕੋ ਵਿੱਚ ਹੋਣ ਵਾਲੇ 48 ਟੀਮਾਂ ਦੇ ਵਿਸ਼ਵ ਫੁੱਟਬਾਲ ਕੱਪ ਟੂਰਨਾਮੈਂਟ ਵਿੱਚ ਹਮੇਸ਼ਾ ਵਾਂਗ ਅਰਜਨਟੀਨਾ, ਬ੍ਰਾਜ਼ੀਲ, ਜਰਮਨੀ ਤੇ ਫਰਾਂਸ ਵਰਗੀਆਂ ਟੀਮਾਂ ਦੇ ਜਿੱਤਣ ਦੀ ਚਰਚਾ ਤਾਂ ਹਰ ਫੁੱਟਬਾਲ ਦੀਵਾਨੇ ਦੀ ਜ਼ੁਬਾਨ 'ਤੇ ਹੋਵੇਗੀ, ਪਰ ਅਜਿਹੀਆਂ ਦੋ ਹੋਰ ਟੀਮਾਂ ਵੀ ਹਨ, ਜਿਹੜੀਆਂ ਧਿਆਨ ਖਿੱਚ ਰਹੀਆਂ ਹਨ। ਇਨ੍ਹਾਂ ਵਿੱਚੋਂ ਇੱਕ ਹੈ ਈਰਾਨ ਦੀ ਟੀਮ ਤੇ ਦੂਜੀ ਹੈ ਕੁਰਾਕਾਓ ਦੀ।

ਅਮਰੀਕਾ ਨਾਲ ਜੰਗ ਵਿੱਚ ਉਲਝੇ ਈਰਾਨ ਦੀ ਟੀਮ ਨੂੰ ਬੁੱਧਵਾਰ ਰਾਜਧਾਨੀ ਤਹਿਰਾਨ ਦੇ ਇਨਕਲਾਬ ਚੌਕ ਵਿੱਚ ਹਜ਼ਾਰਾਂ ਲੋਕਾਂ ਨੇ ਅਮਰੀਕਾ ਵੱਲ ਰਵਾਨਾ ਕੀਤਾ। ਅਮਰੀਕਾ ਜਾਂਦਿਆਂ ਟੀਮ ਤੁਰਕੀ 'ਚ ਕੈਂਪ ਕਰੇਗੀ। ਉੱਥੇ 29 ਮਈ ਨੂੰ ਅੰਤਾਲਿਆ ਵਿੱਚ ਗੈਂਬੀਆ ਨਾਲ ਪ੍ਰੈਕਟਿਸ ਮੈਚ ਖੇਡੇਗੀ। ਫੁੱਟਬਾਲ ਫੈਡਰੇਸ਼ਨ ਇਸਲਾਮਿਕ ਰਿਪਬਲਿਕ ਆਫ ਈਰਾਨ ਦੇ ਪ੍ਰਧਾਨ ਮਹਿਦੀ ਤਾਜ ਨੇ ਦੱਸਿਆ ਕਿ ਪਿਛਲੀਆਂ ਚਾਰ ਵਿਸ਼ਵ ਕੱਪ ਮੁਹਿੰਮਾਂ ਵਿੱਚ ਟੀਮ ਦੀ ਇਹ ਸਭ ਤੋਂ ਵਧੀਆ ਵਿਦਾਇਗੀ ਰਹੀ। ਨਤੀਜਾ ਜੋ ਵੀ ਹੋਵੇ, ਲੋਕਾਂ ਨੇ ਇੱਛਾ ਪ੍ਰਗਟਾਈ ਕਿ ਈਰਾਨ ਦਾ ਝੰਡਾ ਉੱਥੇ ਬੁਲੰਦ ਹੋਵੇ। ਈਰਾਨ ਗਰੁੱਪ-ਜੀ ਵਿੱਚ 15 ਜੂਨ ਨੂੰ ਲਾਸ ਏਂਜਲਸ 'ਚ ਪਹਿਲਾ ਮੈਚ ਨਿਊ ਜ਼ੀਲੈਂਡ ਵਿਰੁੱਧ ਖੇਡੇਗਾ। ਉਸ ਦੇ ਗਰੁੱਪ ਦੀਆਂ ਦੂਜੀਆਂ ਟੀਮਾਂ ਬੈਲਜੀਅਮ ਅਤੇ ਮਿਸਰ ਹਨ।

ਕਰੀਬ ਡੇਢ ਲੱਖ ਦੀ ਆਬਾਦੀ ਤੇ ਸਿਰਫ 171 ਵਰਗ ਵਾਲਾ ਕੈਰੇਬੀਅਨ ਟਾਪੂ ਕੁਰਾਕਾਓ ਫੀਫਾ ਵਿਸ਼ਵ ਕੱਪ ਵਿੱਚ ਹਿੱਸਾ ਲੈਣ ਵਾਲਾ ਹੁਣ ਤੱਕ ਦਾ ਸਭ ਤੋਂ ਛੋਟਾ ਦੇਸ਼ ਬਣ ਜਾਵੇਗਾ। ਉਸ ਤੋਂ ਪਹਿਲਾਂ 2018 ਵਿੱਚ ਕਰੀਬ ਸਾਢੇ ਤਿੰਨ ਲੱਖ ਦੀ ਆਬਾਦੀ ਵਾਲੇ ਆਈਸਲੈਂਡ ਨੇ ਕੁਆਲੀਫਾਈ ਕੀਤਾ ਸੀ। ਨੀਦਰਲੈਂਡਜ਼ ਦੀ ਸਲਤਨਤ ਅੰਦਰ ਇੱਕ ਸਵੈ-ਸ਼ਾਸਨ ਵਾਲੇ ਟਾਪੂ ਕੁਰਾਕਾਓ ਦਾ ਵਿਸ਼ਵ ਕੱਪ ਲਈ ਕੁਆਲੀਫਾਈ ਕਰਨਾ ਇੱਕ ਪਰੀ ਕਹਾਣੀ ਵਰਗਾ ਹੈ। ਉਸ ਨੇ 2014 ਵਿੱਚ ਬ੍ਰਾਜ਼ੀਲ 'ਚ ਹੋਏ ਵਿਸ਼ਵ ਕੱਪ ਤੋਂ ਪਹਿਲਾਂ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ ਸੀ। ਉਸ ਦੇ ਬਹੁਤੇ ਖਿਡਾਰੀ ਨੀਦਰਲੈਂਡਜ਼ ਦੀਆਂ ਕਲੱਬਾਂ ਵਿੱਚ ਖੇਡਦੇ ਹਨ, ਪਰ ਵਿਰਸੇ ਨਾਲ ਜੁੜੇ ਹੋਏ ਹਨ। ਉਸ ਨੇ 2022 ਵਿੱਚ ਕਤਰ 'ਚ ਹੋਏ ਵਿਸ਼ਵ ਕੱਪ ਲਈ ਕੁਆਲੀਫਾਈ ਕਰ ਜਾਣਾ ਸੀ, ਜੇ ਕੁਆਲੀਫਿਕੇਸ਼ਨ ਦੇ ਦੂਜੇ ਗੇੜ 'ਚ ਆਖਰੀ ਛਿਣਾਂ ਵਿੱਚ ਪਨਾਮਾ ਤੋਂ ਨਾ ਹਾਰਦਾ। 10 ਸਾਲ ਪਹਿਲਾਂ ਫੁੱਟਬਾਲ ਦੀ ਕੌਮਾਂਤਰੀ ਜਥੇਬੰਦੀ ਫੀਫਾ ਦੀ ਰੈਂਕਿੰਗ ਵਿੱਚ ਉਸ ਦਾ ਨੰਬਰ 150ਵਾਂ ਸੀ ਤੇ ਹੁਣ 82ਵੇਂ ਨੰਬਰ 'ਤੇ ਹੈ। ਇਸ ਤੋਂ ਉਸ ਦੀ ਤਰੱਕੀ ਦਾ ਪਤਾ ਲਗਦਾ ਹੈ। ਉਸ ਨੇ ਪਹਿਲੇ ਵਿਸ਼ਵ ਕੱਪ ਟੂਰਨਾਮੈਂਟ ਦੀ ਟਿਕਟ ਹਾਸਲ ਕਰਨ ਲਈ ਦੋ ਚੁਣੌਤੀਪੂਰਨ ਕੁਆਲੀਫਿਕੇਸ਼ਨ ਗੇੜਾਂ ਦਾ ਸਾਹਮਣਾ ਕੀਤਾ। ਕਮਾਲ ਦਾ ਪ੍ਰਦਰਸ਼ਨ ਕਰਦਿਆਂ ਉਸ ਨੇ 10 ਮੈਚਾਂ ਵਿੱਚੋਂ ਸੱਤ ਜਿੱਤ ਕੇ ਤੇ ਤਿੰਨ ਬਰਾਬਰ ਖੇਡ ਕੇ ਕੁਆਲੀਫਾਈ ਕੀਤਾ। ਵਿਸ਼ਵ ਕੱਪ ਵਿੱਚ ਉਹ ਆਪਣੀ ਮੁਹਿੰਮ ਦੀ ਸ਼ੁਰੂਆਤ ਗਰੁੱਪ-ਈ 'ਚ 14 ਜੂਨ ਨੂੰ ਜਰਮਨੀ ਖਿਲਾਫ ਮੈਚ ਖੇਡ ਕੇ ਕਰੇਗਾ। ਉਸ ਦੇ ਗਰੁੱਪ ਵਿੱਚ ਦੂਜੀਆਂ ਟੀਮਾਂ ਇਕੁਆਡੋਰ ਤੇ ਆਈਵਰੀ ਕੋਸਟ ਦੀਆਂ ਹਨ। ਫੁੱਟਬਾਲ ਦੇ ਦੀਵਾਨੇ ਜਿੱਥੇ ਵੱਡੀਆਂ ਟੀਮਾਂ ਦੇ ਮੈਸੀ, ਯਾਮਲ ਤੇ ਕ੍ਰਿਸਟੀਨੋ ਰੋਨਾਲਡੋ ਵਰਗਿਆਂ ਦੀ ਖੇਡ ਦੇਖਣਗੇ, ਉੱਥੇ ਈਰਾਨੀਆਂ ਦਾ ਜਜ਼ਬਾ ਤੇ ਕੁਰਾਕਾਓ ਦੀ ਅਸੰਭਵ ਨੂੰ ਸੰਭਵ ਬਣਾ ਦੇਣ ਵਾਲੀ ਇੱਛਾ-ਸ਼ਕਤੀ ਦੇ ਵੀ ਦਰਸ਼ਨ ਕਰਨਗੇ। ਵਿਸ਼ਵ ਕੱਪ ਫੁੱਟਬਾਲ ਜਾਣਿਆ ਵੀ ਅਜਿਹੇ ਕੌਤਕਾਂ ਲਈ ਹੀ ਜਾਂਦਾ ਹੈ।

## ਠੇਕੇਦਾਰੀ ਪੰਜਾਬ ਦੀ !

ਲੀੜੇ ਓਸ ਦੇ ਹਨ ਲੰਗਾਰ ਹੋਏ,
ਆਪਣੇ ਹੱਥਾਂ ਨਾਲ ਸੀਣ ਦੇਵੋ।
ਕਦੇ ਵੀ ਨ੍ਹੀਂ ਸੁੱਖ ਦੀ ਨੀਂਦ ਸੁੱਤਾ,
ਪਾਣੀ ਖੁਦ ਦਾ ਓਸ ਨੂੰ ਪੀਣ ਦੇਵੋ।
ਸਿਰਾਂ ਵਿੱਚ ਭਾਰ ਹੈ ਹੀਣਤਾ ਦਾ,
ਨਾ ਭਾਵਨਾ ਓਸ ਨੂੰ ਹੀਣ ਦੇਵੋ।
ਠੇਕੇਦਾਰੀ ਪੰਜਾਬ ਦੀ ਨਾ ਚੁੱਕੋ,
ਮਨਮਰਜ਼ੀ ਦੇ ਨਾਲ ਜੀਣ ਦੇਵੋ।

-ਗੁਲਪੁਰ

# ਮਣੀਪੁਰ ਦਾ ਸੰਕਟ : ਰਾਸ਼ਟਰੀ ਸੁਰੱਖਿਆ ਅਤੇ ਭਾਈਚਾਰਕ ਸਾਂਝ ਲਈ ਗੰਭੀਰ ਚੇਤਾਵਨੀ



ਗੁਰਪ੍ਰੀਤ ਸਿੰਘ ਬਿਲਿੰਗ

ਭਾਰਤ ਦਾ ਉੱਤਰ-ਪੂਰਬੀ ਖੇਤਰ ਭੂਗੋਲਿਕ ਅਤੇ ਰਾਜਨੀਤਕ ਤੌਰ 'ਤੇ ਦੇਸ਼ ਦਾ ਸਭ ਤੋਂ ਸੰਵੇਦਨਸ਼ੀਲ ਹਿੱਸਾ ਮੰਨਿਆ ਜਾਂਦਾ ਹੈ। ਪੰਜ ਦੇਸ਼ਾਂ—ਚੀਨ, ਮਿਆਂਮਾਰ, ਬੰਗਲਾਦੇਸ਼, ਭੂਟਾਨ ਅਤੇ ਨੇਪਾਲ ਦੀਆਂ ਅੰਤਰਰਾਸ਼ਟਰੀ ਸਰਹੱਦਾਂ ਨਾਲ ਘਿਰਿਆ ਇਹ ਖੇਤਰ ਕੇਵਲ ਰਣਨੀਤਕ ਹੀ ਨਹੀਂ, ਸਗੋਂ ਆਪਣੀ ਨਸਲੀ ਵਿਭਿੰਨਤਾ ਅਤੇ ਸੱਭਿਆਚਾਰਕ ਜਟਿਲਤਾ ਕਾਰਨ ਸੁਰੱਖਿਆ ਦੇ ਨਜ਼ਰੀਏ ਤੋਂ ਬਹੁਤ ਨਾਜ਼ੁਕ ਵੀ ਹੈ। ਲੰਮੇ ਸਮੇਂ ਤੋਂ ਇੱਥੇ ਵੱਖਵਾਦ, ਹਥਿਆਰਬੰਦ ਗਠਜੋੜ, ਜਾਤੀ ਅਸਮਾਨਤਾਵਾਂ ਅਤੇ ਸਰਹੱਦੀ ਘੁਸਪੈਠ ਵਰਗੀਆਂ ਚੁਣੌਤੀਆਂ ਰਹੀਆਂ ਹਨ, ਪਰ ਪਿਛਲੇ ਤਿੰਨ ਸਾਲਾਂ ਦੌਰਾਨ ਮਣੀਪੁਰ ਨੇ ਜੋ ਭਿਆਨਕ ਦੌਰ ਦੇਖਿਆ ਹੈ, ਉਸ ਨੇ ਪੂਰੇ ਖੇਤਰ ਦੀ ਸੁਰੱਖਿਆ ਸਥਿਤੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਅਪ੍ਰੈਲ 2026 ਵਿੱਚ ਦੁਬਾਰਾ ਭੜਕੀ ਤਾਜ਼ਾ ਹਿੰਸਾ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਮਣੀਪੁਰ ਵਿੱਚ ਸ਼ਾਂਤੀ ਦੇ ਸਰਕਾਰੀ ਦਾਅਵੇ ਕੇਵਲ ਕਾਗਜ਼ੀ ਸਨ, ਜ਼ਮੀਨੀ ਹਕੀਕਤ ਇਸ ਤੋਂ ਕੋਹਾਂ ਦੂਰ ਹੈ। ਬਿਸ਼ਨੂਪੁਰ ਜ਼ਿਲ੍ਹੇ ਵਿੱਚ ਦੋ ਮਾਸੂਮ ਬੱਚਿਆਂ ਦੀ ਬੰਬ ਧਮਾਕੇ ਵਿੱਚ ਹੋਈ ਦਰਦਨਾਕ ਮੌਤ ਤੋਂ ਬਾਅਦ ਜਿਸ ਤਰ੍ਹਾਂ ਪ੍ਰਦਰਸ਼ਨ ਭੜਕੇ, ਪੁਲਸ ਨੂੰ ਫਾਇਰਿੰਗ ਕਰਨੀ ਪਈ ਅਤੇ ਮੁੜ ਕਰਫ਼ਿਊ ਤੇ ਇੰਟਰਨੈੱਟ ਬੰਦਸ਼ਾਂ ਦਾ ਸਹਾਰਾ ਲੈਣਾ ਪਿਆ, ਉਸ ਨੇ ਸਾਬਤ ਕਰ ਦਿੱਤਾ ਕਿ ਮਣੀਪੁਰ ਅਜੇ ਵੀ ਸੁਲਗਦੇ ਹੋਏ ਬਾਰੂਦੀ ਢੇਰ 'ਤੇ ਬੈਠਾ ਹੈ।

ਇਸ ਸੰਕਟ ਦੀ ਗੰਭੀਰਤਾ ਨੂੰ ਸਮਝਣ ਲਈ ਮਣੀਪੁਰ ਦੇ ਇਤਿਹਾਸਕ ਪ੍ਰਸੰਗ ਨੂੰ ਜਾਣਨਾ ਜ਼ਰੂਰੀ ਹੈ। ਮਣੀਪੁਰ ਦਾ ਭਾਰਤ ਵਿੱਚ ਰਲੇਵਾਂ 1949 ਵਿੱਚ ਹੋਇਆ ਸੀ, ਪਰ ਉਦੋਂ ਤੋਂ ਹੀ ਇੱਥੇ ਵੱਖ-ਵੱਖ ਭਾਈਚਾਰਿਆਂ ਦਰਮਿਆਨ 'ਪਛਾਣ ਦੀ ਰਾਜਨੀਤੀ' ਭਾਰੂ ਰਹੀ ਹੈ। ਪਹਾੜਾਂ ਵਿੱਚ ਰਹਿਣ ਵਾਲੇ ਨਾਗਾ ਅਤੇ ਕੁਕੀ ਜ਼ੋ ਭਾਈਚਾਰਿਆਂ ਅਤੇ ਘਾਟੀ ਵਿੱਚ ਰਹਿਣ ਵਾਲੇ ਮੈਤੇਈ ਭਾਈਚਾਰੇ ਦਰਮਿਆਨ ਸਾਧਨਾਂ ਦੀ ਵੰਡ ਨੂੰ ਲੈ ਕੇ ਹਮੇਸ਼ਾ ਖਿੱਚੋਤਾਣ ਰਹੀ ਹੈ। 1990 ਦੇ ਦਹਾਕੇ ਵਿੱਚ ਵੀ ਕੁਕੀ-ਨਾਗਾ ਸੰਘਰਸ਼ ਦੌਰਾਨ ਸੈਂਕੜੇ ਜਾਨਾਂ ਗਈਆਂ ਸਨ। ਮੌਜੂਦਾ ਸੰਕਟ ਉਸੇ ਪੁਰਾਣੀ ਅੱਗ ਦਾ ਇੱਕ ਨਵਾਂ ਅਤੇ ਵਧੇਰੇ ਘਾਤਕ ਰੂਪ ਹੈ, ਜਿਸ ਵਿੱਚ ਹੁਣ ਆਧੁਨਿਕ ਹਥਿਆਰਾਂ ਅਤੇ ਡਿਜੀਟਲ ਨਫ਼ਰਤ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਇਹ ਸਿਰਫ਼ ਦੋ ਸਮੂਹਾਂ ਦੀ ਲੜਾਈ ਨਹੀਂ, ਸਗੋਂ ਦਹਾਕਿਆਂ ਤੋਂ ਜਮ੍ਹਾਂ ਹੋਏ ਗੁੱਸੇ ਅਤੇ ਅਸੁਰੱਖਿਆ ਦੀ ਭਾਵਨਾ ਦਾ ਵਿਸਫੋਟ ਹੈ।

ਮਣੀਪੁਰ ਦੀ ਮੌਜੂਦਾ ਸਥਿਤੀ ਨੂੰ ਸਮਝਣ ਲਈ ਸਾਨੂੰ ਮਈ 2023 ਦੇ ਘਟਨਾਕ੍ਰਮ ਵੱਲ ਮੁੜਨਾ ਪਵੇਗਾ। ਉਸ ਵੇਲੇ ਮੈਤੇਈ ਭਾਈਚਾਰੇ ਨੂੰ 'ਅਨੁਸੂਚਿਤ ਜਨਜਾਤੀ' (ST) ਦਾ ਦਰਜਾ ਦੇਣ ਦੀ ਮੰਗ ਅਤੇ ਉਸ ਉੱਤੇ ਹਾਈਕੋਰਟ ਦੇ ਨਿਰਦੇਸ਼ ਨੇ ਕੁਕੀ-ਜ਼ੋ ਆਦਿਵਾਸੀ ਸਮੂਹਾਂ ਵਿੱਚ ਡਰ ਅਤੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਸੀ। ਇਹ ਮਸਲਾ ਮਹਿਜ਼ ਰਿਜ਼ਰਵੇਸ਼ਨ ਤੱਕ ਸੀਮਿਤ ਨਹੀਂ ਸੀ, ਇਸ ਦੇ ਪਿੱਛੇ ਜ਼ਮੀਨੀ ਮਾਲਕੀ ਦੇ ਹੱਕ, ਸਰਕਾਰੀ ਨੌਕਰੀਆਂ, ਰਾਜਨੀਤਕ ਨੁਮਾਇੰਦਗੀ ਅਤੇ ਖੇਤਰੀ ਆਬਾਦੀ ਦੇ ਸੰਤੁਲਨ ਵਰਗੇ ਡੂੰਘੇ ਮੁੱਦੇ ਜੁੜੇ ਹੋਏ ਸਨ।

ਮੈਤੇਈ ਭਾਈਚਾਰਾ, ਜੋ ਰਾਜ ਦੀ ਕੁੱਲ ਆਬਾਦੀ ਦਾ ਲਗਭਗ 53 ਫੀਸਦੀ ਹੈ, ਮੁੱਖ ਤੌਰ 'ਤੇ ਕੇਂਦਰੀ ਇੰਫਾਲ ਘਾਟੀ ਵਿੱਚ ਵਸਦਾ ਹੈ (ਜੋ ਰਾਜ ਦੇ ਕੁੱਲ ਖੇਤਰਫਲ ਦਾ ਸਿਰਫ਼ 10 ਫੀਸਦੀ ਹੈ), ਜਦਕਿ ਕੁਕੀ-ਜ਼ੋ ਅਤੇ ਨਾਗਾ ਸਮੂਹ (ਲਗਭਗ 40 ਫੀਸਦੀ) ਪਹਾੜੀ ਇਲਾਕਿਆਂ ਵਿੱਚ ਰਹਿੰਦੇ ਹਨ ਜੋ 90 ਫੀਸਦੀ ਖੇਤਰਫਲ ਨੂੰ ਕਵਰ ਕਰਦੇ ਹਨ। ਮੈਤੇਈ ਲੋਕਾਂ ਦਾ ਤਰਕ ਹੈ ਕਿ ਉਹ ਪਹਾੜਾਂ ਵਿੱਚ ਜ਼ਮੀਨ ਨਹੀਂ ਖਰੀਦ ਸਕਦੇ, ਜਦਕਿ ਪਹਾੜੀ ਕਬੀਲੇ ਘਾਟੀ ਵਿੱਚ ਆ ਸਕਦੇ ਹਨ। ਦੂਜੇ ਪਾਸੇ, ਕਬਾਇਲੀ ਸਮੂਹਾਂ ਨੂੰ ਡਰ ਹੈ ਕਿ ST ਦਰਜਾ ਮਿਲਣ ਤੋਂ ਬਾਅਦ ਮੈਤੇਈ ਉਨ੍ਹਾਂ ਦੇ ਜੰਗਲਾਂ ਅਤੇ ਸੱਭਿਆਚਾਰਕ ਹੱਕਾਂ 'ਤੇ ਕਬਜ਼ਾ ਕਰ ਲੈਣਗੇ। ਇਸ ਆਪਸੀ ਅਵਿਸ਼ਵਾਸ ਨੇ ਮਈ 2023 ਵਿੱਚ ਇੱਕ ਖੁੱਲ੍ਹੇ ਅਤੇ ਹਿੰਸਕ ਟਕਰਾਅ ਦਾ ਰੂਪ ਲੈ ਲਿਆ, ਜਿਸ ਵਿੱਚ ਹੁਣ ਤੱਕ 250 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਕੋਈ 60 ਹਜ਼ਾਰ ਤੋਂ ਵੱਧ ਲੋਕ ਆਪਣੇ ਹੀ ਦੇਸ਼ ਵਿੱਚ ਸ਼ਰਨਾਰਥੀ ਬਣ ਗਏ ਹਨ ਅਤੇ ਹਜ਼ਾਰਾਂ ਘਰ ਤੇ ਧਾਰਮਿਕ ਅਸਥਾਨ ਸੁਆਹ ਦੇ ਢੇਰ ਵਿੱਚ ਤਬਦੀਲ ਹੋ ਚੁੱਕੇ ਹਨ।

ਇਹ ਸੰਘਰਸ਼ ਹੁਣ ਕੇਵਲ ਦੋ ਭਾਈਚਾਰਿਆਂ ਦੀ ਆਪਸੀ ਲੜਾਈ ਨਹੀਂ ਰਿਹਾ, ਸਗੋਂ ਇਸ ਨੇ ਇੱਕ 'ਸਮਾਂਤਰ ਸੁਰੱਖਿਆ ਪ੍ਰਣਾਲੀ' (Parallel Security System) ਨੂੰ ਜਨਮ ਦਿੱਤਾ ਹੈ। ਹਿੰਸਾ ਦੌਰਾਨ ਸਰਕਾਰੀ ਸ਼ਸਤਰਧਾਰੀ ਟੁਕੜੀਆਂ ਤੋਂ ਪੁਲਸ ਸਟੇਸ਼ਨਾਂ ਤੋਂ ਲਗਭਗ4,500 'ਚੋਂ 5,000 ਆਧੁਨਿਕ ਹਥਿਆਰ ਲੁੱਟੇ ਗਏ ਸਨ। ਘਾਟੀ ਅਤੇ ਪਹਾੜੀ ਖੇਤਰਾਂ ਦੇ ਵਿਚਕਾਰ 'ਬਫਰ ਜ਼ੋਨ' ਬਣ ਗਏ ਹਨ, ਜਿੱਥੇ ਕੇਂਦਰੀ ਬਲਾਂ ਦੀ ਤੈਨਾਤੀ ਦੇ ਬਾਵਜੂਦ ਸਥਾਨਕ ਮਿਲੀਸ਼ੀਆ ਦਾ ਦਬਦਬਾ ਹੈ। ਜਦੋਂ ਨਾਗਰਿਕ ਰਾਜ ਦੀ ਮਸ਼ੀਨਰੀ ਤੋਂ ਭਰੋਸਾ ਗੁਆ ਕੇ ਆਪਣੀ ਸੁਰੱਖਿਆ ਲਈ ਜਾਤੀਕ ਹਥਿਆਰਬੰਦ ਟੋਲਿਆਂ 'ਤੇ ਨਿਰਭਰ ਹੋ ਜਾਣ, ਤਾਂ ਇਹ ਰਾਜ ਦੀ ਸੰਪ੍ਰਭੁਤਾ ਦੀ ਕਮਜ਼ੋਰੀ ਅਤੇ ਇੱਕ ਵੱਡੀ ਰਾਜਨੀਤਕ ਅਸਫਲਤਾ ਦਾ ਸੰਕੇਤ ਹੈ।

ਇਸ ਸੁਰੱਖਿਆ ਸੰਕਟ ਨੇ ਮਣੀਪੁਰ ਦੀ ਆਰਥਿਕ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ। ਨੈਸ਼ਨਲ ਹਾਈਵੇਅ-B ਅਤੇ NH-CG, ਜੋ ਮਣੀਪੁਰ ਦੀ ਜੀਵਨ-ਰੇਖਾ ਹਨ, ਅਕਸਰ ਜਾਤੀ ਸਮੂਹਾਂ ਵੱਲੋਂ ਬੰਦ ਕਰ ਦਿੱਤੇ ਜਾਂਦੇ ਹਨ। ਇਸ ਕਾਰਨ ਰਾਜ ਵਿੱਚ ਪੈਟਰੋਲ, ਰਸੋਈ ਗੈਸ ਅਤੇ ਜ਼ਰੂਰੀ ਦਵਾਈਆਂ ਦੀ ਭਾਰੀ ਕਿੱਲਤ ਹੋ ਜਾਂਦੀ ਹੈ ਅਤੇ ਕੀਮਤਾਂ ਅਸਮਾਨ ਨੂੰ ਛੂਹਣ ਲੱਗਦੀਆਂ ਹਨ। ਜਦੋਂ ਸਪਲਾਈ ਚੇਨ ਜਾਤੀਕ ਲੀਹਾਂ 'ਤੇ ਵੰਡੀ ਜਾਵੇ, ਤਾਂ ਆਮ ਆਦਮੀ ਦਾ ਜੀਵਨ ਨਰਕ ਬਣ ਜਾਂਦਾ ਹੈ।

ਅਪ੍ਰੈਲ 2026 ਦੀਆਂ ਤਾਜ਼ਾ ਘਟਨਾਵਾਂ ਨੇ ਦੱਸਿਆ ਕਿ ਸ਼ਾਂਤੀ ਦੀਆਂ ਕੋਸ਼ਿਸ਼ਾਂ ਕਿੰਨੀਆਂ ਕਮਜ਼ੋਰ ਹਨ। ਬਿਸ਼ਨੂਪੁਰ ਵਿੱਚ ਬੱਚਿਆਂ ਦੀ ਮੌਤ ਤੋਂ ਬਾਅਦ ਜਿਸ ਤਰ੍ਹਾਂ ਹਿੰਸਾ ਨੇ ਰਾਜਧਾਨੀ ਇੰਫਾਲ ਤੱਕ ਪੈਰ ਪਸਾਰੇ, ਉਸ ਨੇ ਪ੍ਰਸ਼ਾਸਨਿਕ ਚੌਕਸੀ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ।ਇੱਕ ਰਿਹਾਇਸ਼ੀ ਘਰ 'ਤੇ ਹੋਏ ਡਰੋਨ ਜਾਂ ਬੰਬ ਹਮਲੇ ਵਿੱਚ ਦੋ ਬੱਚਿਆਂ ਦੀ ਮੌਤ ਨੇ ਲੋਕਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ ਸੀ। ਹਾਲਾਂਕਿ ਦੋਵੇਂ ਧਿਰਾਂ ਇੱਕ-ਦੂਜੇ 'ਤੇ ਦੋਸ਼ ਲਗਾ ਰਹੀਆਂ ਹਨ, ਪਰ ਇਸ ਘਟਨਾ ਨੇ ਇਹ ਸਾਬਤ ਕਰ ਦਿੱਤਾ ਕਿ ਮਣੀਪੁਰ ਵਿੱਚ ਅਜੇ ਵੀ ਅੰਦਰੂਨੀ ਨਫ਼ਰਤ ਦਾ ਲਾਵਾ ਉਬਾਲੇ ਮਾਰ ਰਿਹਾ ਹੈ।

ਮਣੀਪੁਰ ਦੀ ਸਮੱਸਿਆ ਨੂੰ ਸਿਰਫ਼ ਘਰੇਲੂ ਝਗੜਾ ਮੰਨਣਾ ਇੱਕ ਵੱਡੀ ਭੁੱਲ ਹੋਵੇਗੀ। ਮਣੀਪੁਰ ਦੀ ਲਗਭਗ 400 ਕਿਲੋਮੀਟਰ ਸਰਹੱਦ ਮਿਆਂਮਾਰ ਨਾਲ ਲੱਗਦੀ ਹੈ। ਮਿਆਂਮਾਰ ਵਿੱਚ ਫੌਜੀ ਤਖ਼ਤਾ ਪਲਟ ਤੋਂ ਬਾਅਦ ਪੈਦਾ ਹੋਈ ਅਸਥਿਰਤਾ ਨੇ ਮਣੀਪੁਰ ਦੇ ਸੰਕਟ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਸਰਹੱਦ ਪਾਰੋਂ ਘੁਸਪੈਠ, ਹਥਿਆਰਾਂ ਦੀ ਸਮਗਲਿੰਗ ਅਤੇ ਨਸ਼ਾ ਤਸਕਰੀ ਵਿੱਚ ਵਾਧਾ ਹੋਇਆ ਹੈ। ਕੁਕੀ-ਜ਼ੋ ਭਾਈਚਾਰੇ ਦੇ ਮਿਆਂਮਾਰ ਦੇ 'ਚਿਨ' ਇਲਾਕੇ ਨਾਲ ਨਸਲੀ ਸੰਬੰਧ ਇਸ ਸਰਹੱਦ ਨੂੰ ਹੋਰ ਵਧੇਰੇ ਸੰਵੇਦਨਸ਼ੀਲ ਬਣਾ ਦਿੰਦੇ ਹਨ। ਭਾਰਤੀ ਸੁਰੱਖਿਆ ਏਜੰਸੀਆਂ ਲਈ ਇਹ 'ਟਵਿਨ ਚੈਲੇਂਜ' ਹੈ। ਇੱਕ ਪਾਸੇ ਅੰਦਰੂਨੀ ਨਸਲੀ ਜੰਗ ਅਤੇ ਦੂਜੇ ਪਾਸੇ ਬਾਹਰੀ ਦੇਸ਼ਾਂ ਤੋਂ ਆ ਰਹੀ ਅਸਥਿਰਤਾ।

ਇਸ ਸਰਹੱਦੀ ਅਸ਼ਾਂਤੀ ਦਾ ਇੱਕ ਖ਼ਤਰਨਾਕ ਪਹਿਲੂ ਨਸ਼ਾ ਤਸਕਰੀ (Narcotics) ਹੈ। ਮਣੀਪੁਰ 'ਗੋਲਡਨ ਟ੍ਰਾਈਐਂਗਲ' ਦੇ ਬਹੁਤ ਨੇੜੇ ਹੈ, ਜਿੱਥੋਂ ਵੱਡੀ ਮਾਤਰਾ ਵਿੱਚ ਹੈਰੋਇਨ ਅਤੇ ਮੈਥਾਮਫੇਟਾਮਾਈਨ ਵਰਗੇ ਨਸ਼ੇ ਭਾਰਤ ਵਿੱਚ ਪ੍ਰਵੇਸ਼ ਕਰਦੇ ਹਨ। ਹਿੰਸਾ ਕਾਰਨ ਸਰਹੱਦੀ ਨਿਗਰਾਨੀ ਕਮਜ਼ੋਰ ਹੋਣ ਦਾ ਫਾਇਦਾ ਉਠਾ ਕੇ 'ਡਰੱਗ ਲੋਰਡਸ' ਆਪਣੇ ਨੈੱਟਵਰਕ ਮਜ਼ਬੂਤ ਕਰ ਰਹੇ ਹਨ। ਅਫੀਮ ਦੀ ਖੇਤੀ ਦੇ ਖਾਤਮੇ ਨੂੰ ਲੈ ਕੇ ਹੋਈ ਸਰਕਾਰੀ ਸਖ਼ਤੀ ਵੀ ਇਸ ਹਿੰਸਾ ਦਾ ਇੱਕ ਪਰੋਖ ਕਾਰਨ ਮੰਨੀ ਜਾਂਦੀ ਹੈ। ਗੁਜ਼ਰੇ ਤਿੰਨ ਸਾਲਾਂ ਵਿੱਚ ਕੇਂਦਰ ਸਰਕਾਰ ਨੇ ਕਈ ਕਦਮ ਚੁੱਕੇ। ਭਾਰੀ ਗਿਣਤੀ ਵਿੱਚ ਅਰਧ-ਸੈਨਿਕ ਬਲ ਭੇਜੇ ਗਏ, ਮੁੱਖ ਮੰਤਰੀ ਦੇ ਅਧਿਕਾਰਾਂ ਵਿੱਚ ਫੇਰਬਦਲ ਹੋਏ, ਪਰ ਕੋਈ ਵੀ 'ਸਥਾਈ ਰਾਜਨੀਤਕ ਹੱਲ' ਸਾਹਮਣੇ ਨਹੀਂ ਆਇਆ। ਫੌਜੀ ਤੈਨਾਤੀ ਨਾਲ ਹਿੰਸਾ ਨੂੰ ਕੁਝ ਸਮੇਂ ਲਈ ਰੋਕਿਆ ਤਾਂ ਜਾ ਸਕਦਾ ਹੈ, ਪਰ ਦਿਲਾਂ ਵਿੱਚ ਵਸੀ ਨਫ਼ਰਤ ਨੂੰ ਨਹੀਂ ਮਿਟਾਇਆ ਜਾ ਸਕਦਾ। ਕੁਕੀ ਭਾਈਚਾਰਾ ਰਾਜ ਸਰਕਾਰ ਨੂੰ ਪੱਖਪਾਤੀ ਮੰਨਦਾ ਹੈ, ਜਦਕਿ ਮੈਤੇਈ ਭਾਈਚਾਰਾ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਇਸ ਆਪਸੀ ਸੰਦੇਹ ਵਿੱਚ ਦਿੱਲੀ ਦਾ ਦਖ਼ਲ ਅਕਸਰ ਬਹੁਤ ਦੇਰ ਨਾਲ ਅਤੇ ਬੇਅਸਰ ਪ੍ਰਤੀਤ ਹੁੰਦਾ ਹੈ।

ਹਿੰਸਾ ਦੇ ਇਸ ਦੌਰ ਵਿੱਚ ਸਭ ਤੋਂ ਵੱਧ ਮਾਰ ਔਰਤਾਂ ਅਤੇ ਬੱਚਿਆਂ 'ਤੇ ਪਈ ਹੈ। ਮਣੀਪੁਰ ਤੋਂ ਆਈਆਂ ਔਰਤਾਂ ਨਾਲ ਬਦਸਲੂਕੀ ਦੀਆਂ ਵੀਡੀਓਜ਼ ਨੇ ਪੂਰੀ ਦੁਨੀਆ ਨੂੰ ਸ਼ਰਮਸਾਰ ਕੀਤਾ ਸੀ। ਰਾਹਤ ਕੈਂਪਾਂ ਵਿੱਚ ਰਹਿ ਰਹੇ ਹਜ਼ਾਰਾਂ ਬੱਚੇ ਸਕੂਲੀ ਸਿੱਖਿਆ ਤੋਂ ਵਾਂਝੇ ਹਨ ਅਤੇ ਲਗਾਤਾਰ ਡਰ ਦੇ ਸਾਏ ਹੇਠ ਰਹਿਣ ਕਾਰਨ 'ਪੋਸਟ-ਟਰਾਮੈਟਿਕ ਸਟ੍ਰੈਸ ਡਿਸਆਰਡਰ' (PTSD) ਦਾ ਸ਼ਿਕਾਰ ਹੋ ਰਹੇ ਹਨ। ਇੱਕ ਪੂਰੀ ਪੀੜ੍ਹੀ ਨਫ਼ਰਤ ਅਤੇ ਹਿੰਸਾ ਦੇ ਮਾਹੌਲ ਵਿੱਚ ਪਲ ਰਹੀ ਹੈ।

ਮੀਡੀਆ ਦੀ ਭੂਮਿਕਾ ਇਸ ਸੰਕਟ ਵਿੱਚ ਬਹੁਤ ਹੀ ਵਿਵਾਦਪੂਰਨ ਰਹੀ ਹੈ। ਜਿੱਥੇ ਰਾਸ਼ਟਰੀ ਮੀਡੀਆ ਨੇ ਇਸ ਨੂੰ ਇੱਕ 'ਦੂਰ-ਦੁਰਾਡੇ' ਦੀ ਘਟਨਾ ਵਜੋਂ ਦੇਖਿਆ, ਉੱਥੇ ਹੀ ਸੋਸ਼ਲ ਮੀਡੀਆ ਨੇ ਅੱਗ ਲਗਾਉਣ ਵਾਲੀ ਸਮੱਗਰੀ ਪਰੋਸੀ। 'ਫੇਕ ਨਿਊਜ਼' ਅਤੇ 'ਡੀਪ ਫੇਕ' ਤਕਨੀਕ ਰਾਹੀਂ ਭਾਈਚਾਰਿਆਂ ਨੂੰ ਭੜਕਾਇਆ ਗਿਆ। ਇਸ ਨੇ ਸਾਬਤ ਕੀਤਾ ਕਿ ਅੱਜ ਦੇ ਦੌਰ ਵਿੱਚ ਜਾਣਕਾਰੀ ਦਾ ਗਲਤ ਇਸਤੇਮਾਲ ਕਿਸੇ ਪ੍ਰਮਾਣੂ ਹਮਲੇ ਤੋਂ ਘੱਟ ਨਹੀਂ। ਇਹ ਸਪੱਸ਼ਟ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਵਿੱਚ 'ਜਾਣਕਾਰੀ ਦਾ ਪ੍ਰਬੰਧ' (Information Management) ਵੀ ਸੁਰੱਖਿਆ ਪ੍ਰਬੰਧ ਜਿੰਨਾ ਹੀ ਜ਼ਰੂਰੀ ਹੈ।

ਮਣੀਪੁਰ ਦੀ ਅਸ਼ਾਂਤੀ ਹੁਣ ਭਾਰਤ ਦਾ ਅੰਦਰੂਨੀ ਮਸਲਾ ਹੋਣ ਦੇ ਨਾਲ-ਨਾਲ ਅੰਤਰਰਾਸ਼ਟਰੀ ਮੰਚਾਂ 'ਤੇ ਵੀ ਚਰਚਾ ਦਾ ਵਿਸ਼ਾ ਬਣ ਗਈ ਹੈ। ਯੂਰਪੀਅਨ ਯੂਨੀਅਨ ਅਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਮਣੀਪੁਰ ਦੀ ਸਥਿਤੀ 'ਤੇ ਚਿੰਤਾ ਪ੍ਰਗਟਾਈ ਹੈ। ਭਾਰਤ, ਜੋ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਅਤੇ ਇੱਕ ਉੱਭਰ ਰਹੀ ਗਲੋਬਲ ਸ਼ਕਤੀ ਹੋਣ ਦਾ ਦਾਅਵਾ ਕਰਦਾ ਹੈ, ਲਈ ਆਪਣੇ ਹੀ ਇੱਕ ਰਾਜ ਵਿੱਚ ਤਿੰਨ ਸਾਲਾਂ ਤੱਕ ਹਿੰਸਾ ਨਾ ਰੋਕ ਸਕਣਾ ਇੱਕ ਰਾਜਨੀਤਕ ਨਮੋਸ਼ੀ ਹੈ। ਇਹ ਸਾਡੀ 'ਸਾਫਟ ਪਾਵਰ' ਨੂੰ ਢਾਹ ਲਾਉਂਦਾ ਹੈ ਅਤੇ ਗੁਆਂਢੀ ਦੇਸ਼ਾਂ ਨੂੰ ਦਖ਼ਲਅੰਦਾਜ਼ੀ ਦਾ ਮੌਕਾ ਦਿੰਦਾ ਹੈ।

ਜੇਕਰ ਮਣੀਪੁਰ ਦੀ ਅੱਗ ਨੂੰ ਨਾ ਬੁਝਾਇਆ ਗਿਆ, ਤਾਂ ਇਸ ਦੇ ਦੂਰਗਾਮੀ ਨਤੀਜੇ ਹੋਣਗੇ। ਉੱਤਰ-ਪੂਰਬ ਦੇ ਹੋਰ ਰਾਜ, ਜਿਵੇਂ ਕਿ ਨਾਗਾਲੈਂਡ ਅਤੇ ਮਿਜ਼ੋਰਮ ਵੀ ਇਸ ਤੋਂ ਪ੍ਰਭਾਵਤ ਹੋ ਸਕਦੇ ਹਨ। ਭਾਰਤ ਦੀ 'ਐਕਟ ਈਸਟ ਪਾਲਿਸੀ' (Act East Policy), ਜਿਸ ਦਾ ਮਕਸਦ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਨਾਲ ਮਜ਼ਬੂਤ ਸਬੰਧ ਬਣਾਉਣਾ ਹੈ, ਮਣੀਪੁਰ ਦੇ ਰਸਤਿਓਂ ਹੀ ਗੁਜ਼ਰਦੀ ਹੈ। ਅਸ਼ਾਂਤ ਮਣੀਪੁਰ ਦਾ ਮਤਲਬ ਹੈ—ਭਾਰਤ ਦੇ ਵਿਕਾਸ ਦੇ ਦਰਵਾਜ਼ੇ 'ਤੇ ਜਿੰਦਰਾ ਲੱਗਣਾ।

ਮਣੀਪੁਰ ਦਾ ਸੰਕਟ ਇੱਕ ਬਹੁ-ਪੱਖੀ ਚੁਣੌਤੀ ਹੈ। ਇਸ ਦਾ ਹੱਲ ਸਿਰਫ਼ ਫੌਜੀ ਤਾਕਤ ਵਿੱਚ ਨਹੀਂ, ਸਗੋਂ ਮਾਨਵੀ ਸੰਵੇਦਨਸ਼ੀਲਤਾ ਵਿੱਚ ਹੈ। ਕੇਂਦਰ ਨੂੰ ਤੁਰੰਤ ਸਾਰੀਆਂ ਧਿਰਾਂ ਨਾਲ ਬਿਨਾਂ ਕਿਸੇ ਪੂਰਵ-ਸ਼ਰਤ ਦੇ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਰਾਜ ਵਿੱਚੋਂ ਗੈਰ-ਕਾਨੂੰਨੀ ਹਥਿਆਰਾਂ ਨੂੰ ਜ਼ਬਤ ਕਰਨਾ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਹਿੰਸਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ, ਤਾਂ ਜੋ ਲੋਕਾਂ ਦਾ ਕਾਨੂੰਨ 'ਤੇ ਭਰੋਸਾ ਬਹਾਲ ਹੋ ਸਕੇ। ਮਿਆਂਮਾਰ ਸਰਹੱਦ ਨੂੰ ਪੂਰੀ ਤਰ੍ਹਾਂ ਸੀਲ ਕਰਕੇ ਤਕਨੀਕੀ ਨਿਗਰਾਨੀ ਹੇਠ ਲਿਆਉਣਾ ਚਾਹੀਦਾ ਹੈ।

ਮਣੀਪੁਰ ਅੱਜ ਭਾਰਤ ਲਈ ਇੱਕ ਚੇਤਾਵਨੀ ਹੈ। ਇਹ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੇ ਸਾਹਮਣੇ ਇੱਕ ਵੱਡਾ ਇਮਤਿਹਾਨ ਹੈ। ਜੇਕਰ ਅਸੀਂ ਮਣੀਪੁਰ ਨੂੰ ਨਿਆਂ ਅਤੇ ਸ਼ਾਂਤੀ ਦੇਣ ਵਿੱਚ ਅਸਫਲ ਰਹਿੰਦੇ ਹਾਂ, ਤਾਂ ਇਹ ਸਾਡੇ ਲੋਕਤੰਤਰ 'ਤੇ ਇੱਕ ਸਥਾਈ ਕਲੰਕ ਹੋਵੇਗਾ। ਮਣੀਪੁਰ ਦੀਆਂ ਸਰਹੱਦਾਂ 'ਤੇ ਤਾਇਨਾਤ ਜਵਾਨ ਤਾਂ ਦੇਸ਼ ਦੀ ਰਾਖੀ ਕਰ ਰਹੇ ਹਨ, ਪਰ ਦੇਸ਼ ਦੇ ਅੰਦਰੂਨੀ ਹਿੱਸੇ ਵਿੱਚ ਭਾਈਚਾਰਕ ਸਾਂਝ ਦੀ ਰਾਖੀ ਕਰਨਾ ਸਾਡੀ ਸਭ ਦੀ ਸਮੂਹਿਕ ਜ਼ਿੰਮੇਵਾਰੀ ਹੈ। ਉੱਤਰ-ਪੂਰਬ ਦੀ ਸ਼ਾਂਤੀ ਸਿਰਫ਼ ਫੌਜੀ ਬੂਟਾਂ ਦੀ ਗੂੰਜ ਨਾਲ ਨਹੀਂ, ਸਗੋਂ ਨਿਆਂਸੰਗਤ ਰਾਜਨੀਤਕ ਵਿਵਸਥਾ ਅਤੇ ਆਪਸੀ ਵਿਸ਼ਵਾਸ ਦੀ ਬਹਾਲੀ ਨਾਲ ਹੀ ਆਵੇਗੀ। ਜਦੋਂ ਤੱਕ ਮਣੀਪੁਰ ਦੇ ਆਮ ਨਾਗਰਿਕ ਦੇ ਮਨ ਵਿੱਚੋਂ ਡਰ ਨਹੀਂ ਨਿਕਲਦਾ, ਉਦੋਂ ਤੱਕ ਭਾਰਤ ਦੀਆਂ ਸਰਹੱਦਾਂ 'ਤੇ ਅਸਲੀ ਸੁਰੱਖਿਆ ਦਾ ਦਾਅਵਾ ਅਧੂਰਾ ਹੀ ਰਹੇਗੀ।

# ਸੰਪਰਕ : 75086-98066

# ਚੇਤਿਆਂ 'ਚ ਵਸਿਆ ਨਾਨਕਾ ਘਰ

ਨਵਦੀਪ ਸਿੰਘ ਝੁਨੀਰ

ਬਚਪਨ ਦੀਆਂ ਸਿਮਰਤੀਆਂ ਦਾ ਕੈਨਵਸ ਬਹੁਤ ਵਿਸ਼ਾਲ ਹੁੰਦਾ ਹੈ, ਪਰ ਇਸ ਉੱਤੇ ਸਭ ਤੋਂ ਗੂੜ੍ਹੇ ਅਤੇ ਖ਼ੂਬਸੂਰਤ ਰੰਗ ਨਾਨਕੇ ਘਰ ਦੇ ਹੀ ਹੁੰਦੇ ਹਨ। ਇਹ ਗੱਲ 1989-90 ਦੇ ਆਸ-ਪਾਸ ਦੀ ਹੈ, ਜਦੋਂ ਹਰ ਬੱਚੇ ਵਾਂਗ ਮੇਰੇ ਅੰਦਰ ਵੀ ਆਪਣੇ ਨਾਨਕੇ ਘਰ ਦਾ ਇੱਕ ਅਥਾਹ ਤੇ ਅਕਹਿ ਚਾਅ ਵਸਿਆ ਹੋਇਆ ਸੀ। ਹਰਿਆਣੇ ਦੀ ਧਰਤੀ 'ਤੇ ਵਸਦਾ ਮੇਰਾ ਨਾਨਕਾ ਪਿੰਡ ਦੇਸੂ ਜੋਧਾ ਮੇਰੇ ਲਈ ਮਹਿਜ਼ ਇੱਕ ਪਿੰਡ ਨਹੀਂ, ਸਗੋਂ ਮੇਰੀਆਂ ਬਾਲ-ਭਾਵਨਾਵਾਂ ਦਾ ਉਹ ਸਵਰਗ ਸੀ, ਜਿੱਥੇ ਮੈਂ ਆਪਣੀ ਜ਼ਿੰਦਗੀ ਦੇ ਸਭ ਤੋਂ ਸੁਨਹਿਰੀ ਤੇ ਲੰਮੇ ਅਰਸੇ ਬਿਤਾਏ। ਉਸ ਦੌਰ ਵਿੱਚ ਮੇਰੇ ਨਾਨਕਿਆਂ ਕੋਲ ਇੱਕ ਐਸਕਾਰਟ ਟਰੈਕਟਰ ਹੁੰਦਾ ਸੀ। ਟਰੈਕਟਰ ਦੇ ਉੱਪਰ ਚਿੱਟੇ ਅੱਖਰਾਂ ਵਿੱਚ ਉਕਰਿਆ ਮੇਰੇ ਨਾਨਾ ਜੀ ਦਾ ਨਾਂਅ ਜੱਗਰ ਸਿੰਘ ਮੈਨੂੰ ਬੜਾ ਚੰਗਾ-ਚੰਗਾ ਜਿਹਾ ਲੱਗਦਾ ਤੇ ਨਾਨਾ ਜੀ ਦੇ ਨਾਂਅ ਨੂੰ ਪੜ੍ਹਦਿਆਂ ਮੇਰੇ ਬਾਲ ਮਨ ਅੰਦਰ ਇੱਕ ਅਜੀਬ ਜਿਹਾ ਮਾਣ ਭਰ ਜਾਂਦਾ ਸੀ।

ਮੇਰੇ ਛੋਟੇ ਮਾਮੇ ਦਾ ਘਰ, ਜਿੱਥੇ ਮੇਰੇ ਨਾਨਾ-ਨਾਨੀ ਜੀ ਦੀ ਨਿੱਘੀ ਛੋਹ ਵਸਦੀ ਸੀ, ਮੈਨੂੰ ਕਿਸੇ ਜੰਨਤ ਤੋਂ ਘੱਟ ਨਹੀਂ ਸੀ ਜਾਪਦਾ। ਘਰ ਦੀ ਦਹਿਲੀਜ਼ ਪਾਰ ਕਰਦਿਆਂ ਹੀ ਸਾਹਮਣੇ ਇੱਕ ਵਰਾਂਡਾ ਸੀ। ਉਸ ਵਰਾਂਡੇ ਵਿੱਚ ਇੱਕ ਹਰੇ ਰੰਗ ਦੀ ਅਲਮਾਰੀ ਹੁੰਦੀ ਸੀ, ਜਿਸ ਉੱਪਰ ਪੀਰਾਂ, ਫ਼ਕੀਰਾਂ ਅਤੇ ਸੰਤਾਂ-ਮਹਾਤਮਾਵਾਂ ਦੀਆਂ ਤਸਵੀਰਾਂ ਸਜੀਆਂ ਹੋਈਆਂ ਸਨ। ਉਨ੍ਹਾਂ ਤਸਵੀਰਾਂ ਵਾਲੇ ਚਿਹਰਿਆਂ 'ਤੇ ਇੱਕ ਅਜਿਹਾ ਅਨੋਖਾ ਤੇ ਇਲਾਹੀ ਨੂਰ ਸੀ, ਜੋ ਮੇਰੇ ਅੰਦਰ ਇੱਕ ਅਜੀਬ ਜਿਹੀ ਰੂਹਾਨੀਅਤ ਭਰ ਦਿੰਦਾ ਸੀ। ਇਸੇ ਵਰਾਂਡੇ ਦੇ ਉੱਪਰ ਪੁਰਾਤਨ ਨਮੂਨੇ ਦਾ ਇੱਕ ਚੁਬਾਰਾ ਹੁੰਦਾ ਸੀ। ਵਰਾਂਡੇ ਦੇ ਖੱਬੇ ਪਾਸੇ ਇੱਕ ਵੱਡੀ ਸਾਰੀ ਸਬਾਤ ਸੀ। ਸਿਆਲ ਦੀਆਂ ਠੰਢੀਆਂ ਰਾਤਾਂ ਵਿੱਚ ਉਸ ਹਨੇਰੀ ਸਬਾਤ ਦੇ ਕਿਸੇ ਕੋਨੇ ਵਿੱਚ ਮੇਰੇ ਨਾਨਾ ਜੀ ਲਈ ਬਣਾਈਆਂ ਮੇਥਿਆਂ ਦੀਆਂ ਪਿੰਨੀਆਂ ਰੱਖੀਆਂ ਹੁੰਦੀਆਂ ਸਨ। ਮੇਰੀ ਨਾਨੀ ਜਦੋਂ ਆਪਣੇ ਮੋਹ ਭਿੱਜੇ ਹੱਥਾਂ ਨਾਲ ਮੈਨੂੰ ਉਹ ਪਿੰਨੀਆਂ ਖਵਾਉਂਦੀ, ਤਾਂ ਮੈਨੂੰ ਲੱਗਦਾ ਜਿਵੇਂ ਦੁਨੀਆ ਭਰ ਦਾ ਸਵਾਦ ਅਤੇ ਵਾਤਸਲ ਮੇਰੀ ਝੋਲੀ ਪੈ ਗਿਆ ਹੋਵੇ। ਮੇਰੇ ਛੋਟੇ ਮਾਮੇ ਦਾ ਪੁੱਤਰ ਲਛਮਣ, ਜਿਸ ਨੂੰ ਨਾਨਾ ਜੀ ਲਫ਼ਣ ਆਖਦੇ ਸਨ, ਭਾਵੇਂ ਮੇਰੇ ਤੋਂ ਛੋਟਾ ਸੀ, ਪਰ ਮੇਰਾ ਪੱਕਾ ਆੜੀ ਸੀ। ਨਾਨਾ ਜੀ ਆਪਣੇ ਹੱਥੀਂ ਸਾਨੂੰ ਗੁੱਲੀ ਘੜ ਕੇ ਦਿੰਦੇ ਅਤੇ ਅਸੀਂ ਘੰਟਿਆਂ-ਬੱਧੀ ਵਾੜੇ ਵਿੱਚ ਗੁੱਲੀ-ਡੰਡਾ ਖੇਡਦੇ ਰਹਿੰਦੇ। ਸਾਡੀ ਉਸ ਖੇਡ ਵਿੱਚ ਦੁਨੀਆ ਭਰ ਦੀ ਬਾਦਸ਼ਾਹਤ ਛੁਪੀ ਹੁੰਦੀ।ਛੋਟੇ ਮਾਮੇ ਦੇ ਘਰ ਤੋਂ ਵੱਡੇ ਮਾਮੇ ਦੇ ਘਰ ਤੱਕ ਦਾ ਪੈਂਡਾ ਮੇਰੇ ਲਈ ਕਿਸੇ ਰੋਮਾਂਚਕ ਸਫ਼ਰ ਤੋਂ ਘੱਟ ਨਹੀਂ ਸੀ। ਰਸਤੇ ਵਿੱਚ ਪੈਦਲ ਤੁਰਦਿਆਂ ਸਭ ਤੋਂ ਪਹਿਲਾਂ ਦੋ ਛੱਪੜ ਆਉਂਦੇ ਤੇ ਫਿਰ ਲਸੂੜੇ ਦੇ ਰੁੱਖ ਮਿਲਦੇ, ਇੱਕ ਪੁਰਾਣਾ ਖੂਹ ਆਉਂਦਾ, ਜਿੱਥੋਂ ਸੁਆਣੀਆਂ ਪਾਣੀ ਭਰਦੀਆਂ। ਉਸ ਖੂਹ ਦੇ ਨਾਲ ਹੀ ਇੱਕ ਡੇਰਾ ਹੁੰਦਾ ਸੀ। ਇਸ ਡੇਰੇ ਨਾਲ ਜੁੜੀ ਇੱਕ ਘਟਨਾ ਨੇ ਮੇਰੇ ਬਾਲ-ਮਨ ਨੂੰ ਕਿਸੇ ਤਲਿਸਮੀ ਦੁਨੀਆ ਦਾ ਹਿੱਸਾ ਬਣਾ ਦਿੱਤਾ ਸੀ। ਇੱਕ ਵਾਰ ਮਾਤਾ ਜੀ ਨੇ ਦੱਸਿਆ ਕਿ ਵੱਡੇ ਮਾਮਾ ਜੀ ਖੇਤਾਂ ਵਿੱਚ ਪਾਣੀ ਲਾ ਰਹੇ ਸਨ ਤਾਂ ਉਨ੍ਹਾਂ ਨੂੰ ਕੀੜਾ ਛੋਹ ਗਿਆ। ਮੈਂ ਕੰਬਦੀ ਆਵਾਜ਼ ਵਿੱਚ ਪੁੱਛਿਆ-ਫਿਰ ਕੀ ਹੋਇਆ? ਤਾਂ ਮਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਤੁਰੰਤ ਉਸੇ ਡੇਰੇ ਲਿਆਂਦਾ ਗਿਆ। ਡੇਰੇ ਵਿੱਚ ਇੱਕ ਥਾਲੀ ਖੜਕਾਈ ਗਈ ਅਤੇ ਉਸ ਥਾਲੀ ਦੀ ਆਵਾਜ਼ ਸੁਣਦਿਆਂ ਹੀ ਪਿੰਡ ਦੇ ਸਾਰੇ ਗਾਰੜੂ ਇਕੱਠੇ ਹੋ ਗਏ। ਉਹ ਆਪਣੇ ਮੂੰਹ ਨਾਲ ਜ਼ਹਿਰ ਚੂਸਦੇ ਅਤੇ ਘਿਓ ਦੀਆਂ ਕੁਰਲੀਆਂ ਕਰਦੇ। ਇਸ ਤਰ੍ਹਾਂ ਉਨ੍ਹਾਂ ਸਾਰਾ ਜ਼ਹਿਰ ਮਾਮਾ ਜੀ ਦੇ ਸਰੀਰ 'ਚੋਂ ਬਾਹਰ ਕੱਢ ਦਿੱਤਾ ਤੇ ਕੁਝ ਹੀ ਸਮੇਂ ਬਾਅਦ ਮਾਮਾ ਜੀ ਬਿਲਕੁਲ ਨੌਂ-ਬਰ-ਨੌਂ ਹੋ ਗਏ। ਮਾਂ ਦੇ ਮੂੰਹੋਂ ਸੁਣੀ ਇਹ ਘਟਨਾ ਮੈਨੂੰ ਕਿਸੇ ਅਲੌਕਿਕ ਤੇ ਜਾਦੂਈ ਦੁਨੀਆ ਦੀ ਬਾਤ ਜਾਪਦੀ ਸੀ। ਅੱਜ ਵੀ ਉਸ ਡੇਰੇ ਵਿੱਚ ਵੱਜਦੀ ਘੰਟੀ ਦੀ ਪਵਿੱਤਰ ਆਵਾਜ਼ ਮੇਰੇ ਕੰਨਾਂ ਵਿੱਚ ਪੈਂਦੀ ਹੈ, ਜਿਵੇਂ ਉਹ ਫ਼ਿਜ਼ਾਵਾਂ ਵਿੱਚ ਕਿਤੇ ਗੂੰਜ ਰਹੀ ਹੋਵੇ।ਨਾਨਕੇ ਪਿੰਡ ਕੋਲੋਂ ਦੀ ਹੀ ਇੱਕ ਨਹਿਰ ਗੁਜ਼ਰਦੀ ਸੀ, ਜਿਸ ਨੂੰ ਅਸੀਂ ਮਸੀਤਾਂ ਵਾਲੀ ਨਹਿਰ ਆਖਦੇ ਸਾਂ। ਖੇਡਦੇ-ਖੇਡਦੇ ਮੈਂ ਅਤੇ ਵੱਡੇ ਮਾਮੇ ਦਾ ਮੁੰਡਾ ਭਜਨਾ ਅਕਸਰ ਇਸ ਨਹਿਰ 'ਤੇ ਜਾ ਵੜਦੇ। ਭਜਨਾ ਤਾਂ ਬੇਖ਼ੌਫ਼ ਹੋ ਕੇ ਨਹਿਰ ਦੇ ਪਾਣੀਆਂ ਵਿੱਚ ਤਾਰੀਆਂ ਲਾਉਂਦਾ, ਪਰ ਮੈਨੂੰ ਪਾਣੀ ਤੋਂ ਡਰ ਲੱਗਦਾ ਸੀ। ਮੈਂ ਨਹਿਰ ਵਿੱਚ ਵੜਨ ਦੀ ਬਜਾਏ, ਘੰਟਿਆਂ-ਬੱਧੀ ਉਸਦੇ ਕਿਨਾਰੇ ਬੈਠਾ ਰਹਿੰਦਾ। ਪਾਣੀ ਦੀਆਂ ਛੱਲਾਂ ਦਾ ਸੰਗੀਤ ਅਤੇ ਉਹ ਸ਼ਾਂਤ ਮਾਹੌਲ ਮੈਨੂੰ ਅਕਹਿ ਸਕੂਨ ਬਖ਼ਸ਼ਦਾ। ਸਮਾਂ ਆਪਣੀ ਚਾਲੇ ਚੱਲਦਾ ਰਿਹਾ। ਬਚਪਨ ਦੇ ਉਨ੍ਹਾਂ ਬੇਫ਼ਿਕਰੇ ਦਿਨਾਂ ਵਿੱਚ ਹੀ ਮੈਨੂੰ ਪਿੰਡ ਛੱਡ ਕੇ ਆਪਣੀ ਭੂਆ ਦੇ ਪਿੰਡ ਰਹਿਣ ਜਾਣਾ ਪਿਆ। ਬੱਸ, ਉੱਥੋਂ ਹੀ ਮੇਰਾ ਨਾਨਕੇ ਜਾਣ ਦਾ ਸਿਲਸਿਲਾ ਟੁੱਟ ਗਿਆ। ਵੱਡੇ ਮਾਮੇ ਦੇ ਮੁੰਡੇ ਦਾ ਵਿਆਹ ਹੋ ਗਿਆ, ਛੋਟੇ ਮਾਮੇ ਦੇ ਮੁੰਡੇ ਦਾ ਵੀ ਘਰ ਵਸ ਗਿਆ। ਮੈਂ ਨੌਕਰੀ ਲੱਗ ਗਿਆ, ਮੇਰਾ ਆਪਣਾ ਵਿਆਹ ਹੋ ਗਿਆ ਅਤੇ ਜ਼ਿੰਦਗੀ ਦੀ ਜੱਦੋ-ਜਹਿਦ ਵਿੱਚ ਮੇਰਾ ਨਾਨਕੇ ਜਾਣ ਦਾ ਕਦੇ ਸਬੱਬ ਹੀ ਨਾ ਬਣਿਆ, ਪਰ ਮੇਰੇ ਅੰਦਰ ਦਾ ਬਾਲਕ ਕਦੇ ਉਸ ਪਿੰਡੋਂ ਬਾਹਰ ਨਹੀਂ ਆਇਆ। ਜਾਗਦੀਆਂ ਅੱਖਾਂ ਨੇ ਭਾਵੇਂ ਉਹ ਪਿੰਡ ਨਹੀਂ ਵੇਖਿਆ, ਪਰ ਮੇਰੇ ਸੁਪਨਿਆਂ ਵਿੱਚ ਅਕਸਰ ਮੇਰਾ ਨਾਨਕਾ ਘਰ ਆਉਂਦਾ ਹੈ।ਮੇਰੇ ਮਾਮੇ ਦਾ ਪੁੱਤਰ ਅਕਸਰ ਫ਼ੋਨ 'ਤੇ ਉਲ੍ਹਾਂਭਾ ਦਿੰਦਾ ਹੈ, ਮਾਸਟਰ-ਤੂੰ ਹੁਣ ਆਪਣੇ ਨਾਨਕੇ ਕਿਉਂ ਨਹੀਂ ਆਉਂਦਾ? ਤੇਰਾ ਦਿਲ ਨਹੀਂ ਕਰਦਾ ਆਪਣੇ ਨਾਨਕੇ ਘਰ ਆਉਣ ਨੂੰ? ਮੈਂ ਹਰ ਵਾਰ ਉਸ ਨੂੰ ਲਾਰਾ ਲਾ ਦਿੰਦਾ ਹਾਂ ਕਿ ਇਸ ਸਾਲ ਪੱਕਾ ਆਵਾਂਗਾ, ਪਰ ਜੇ ਆਪਣੇ ਮਨ ਦਾ ਸੱਚ ਦੱਸਾਂ ਤਾਂ ਮੇਰਾ ਨਾਨਕੇ ਜਾਣ ਨੂੰ ਹੁਣ ਬਿਲਕੁਲ ਵੀ ਦਿਲ ਨਹੀਂ ਕਰਦਾ। ਇਹ ਕੋਈ ਬੇਰੁਖ਼ੀ ਨਹੀਂ, ਸਗੋਂ ਇਹ ਮੇਰੇ ਨਾਨਕੇ ਪਿੰਡ ਪ੍ਰਤੀ ਮੇਰੇ ਅੰਤਾਂ ਦੇ ਮੋਹ ਦਾ ਇੱਕ ਵੱਖਰਾ ਰੂਪ ਹੈ। ਮੈਨੂੰ ਪਤਾ ਹੈ ਕਿ ਮੇਰੀਆਂ ਸਿਮਰਤੀਆਂ ਵਿੱਚ ਵਸਿਆ ਮੇਰੇ ਛੋਟੇ ਮਾਮੇ ਦਾ ਉਹ ਪੁਰਾਣਾ, ਪਿਆਰਾ ਜਿਹਾ ਘਰ ਹੁਣ ਇੱਕ ਆਲੀਸ਼ਾਨ ਕੋਠੀ ਵਿੱਚ ਤਬਦੀਲ ਹੋ ਚੁੱਕਾ ਹੈ।ਵਾੜੇ ਦੀ ਉਹ ਮਿੱਟੀ, ਜਿੱਥੇ ਸਾਡਾ ਗੁੱਲੀ-ਡੰਡਾ ਖੜਕਦਾ ਸੀ, ਹੁਣ ਸੀਮਿੰਟ ਦੀਆਂ ਇੱਟਾਂ ਹੇਠ ਦੱਬੀ ਗਈ ਹੈ, ਉੱਥੇ ਇੱਕ ਵੱਖਰੀ ਕੋਠੀ ਉਸਰ ਚੁੱਕੀ ਹੈ। ਨਾਨਕੇ ਘਰ ਦੇ ਜਿਸ ਜ਼ੱਰੇ-ਜ਼ੱਰੇ ਨਾਲ ਮੈਨੂੰ ਇਸ਼ਕ ਸੀ, ਉਹ ਹੁਣ ਆਪਣੇ ਉਸ ਸਥੂਲ ਰੂਪ ਵਿੱਚ ਮੌਜੂਦ ਨਹੀਂ ਹੈ।

ਮੇਰੇ ਅੰਦਰ ਇੱਕ ਡਰ ਬੈਠਾ ਹੈ ਕਿ ਜੇ ਮੈਂ ਹੁਣ ਨਾਨਕੇ ਗਿਆ, ਤਾਂ ਮੈਨੂੰ ਸਭ ਕੁਝ ਬਦਲਿਆ ਹੋਇਆ ਮਿਲੇਗਾ। ਮੇਰੀਆਂ ਯਾਦਾਂ ਵਿੱਚ ਵਸਿਆ ਮੇਰੇ ਪਿਆਰੇ ਨਾਨਕੇ ਪਿੰਡ ਅਤੇ ਮੇਰੇ ਨਾਨਕੇ ਘਰ ਦਾ ਉਹ ਪਵਿੱਤਰ ਅਕਸ ਧੁੰਦਲਾ ਹੋ ਜਾਵੇਗਾ। ਸ਼ਾਇਦ ਮੇਰੇ ਜ਼ਿਹਨ ਵਿੱਚੋਂ ਮੇਰੇ ਬਚਪਨ ਦੀਆਂ ਉਹ ਅਨਮੋਲ ਯਾਦਾਂ ਕਿਰ ਜਾਣਗੀਆਂ, ਜੋ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਰਮਾਇਆ ਹਨ। ਮੈਂ ਆਪਣੇ ਅੰਦਰ ਵਸਦੇ ਉਸ ਪੁਰਾਣੇ, ਸਾਦੇ ਤੇ ਮੋਹ-ਭਿੱਜੇ ਨਾਨਕੇ ਪਿੰਡ ਨੂੰ ਮਰਨ ਨਹੀਂ ਦੇਣਾ ਚਾਹੁੰਦਾ। ਸ਼ਾਇਦ, ਇਸੇ ਕਰਕੇ ਮੈਂ ਹੁਣ ਕਦੇ ਆਪਣੇ ਨਾਨਕੇ ਘਰ ਜਾਵਾਂ ਵੀ ਨਾ, ਕਿਉਂਕਿ ਮੇਰਾ ਨਾਨਕਾ ਘਰ ਹੁਣ ਹਰਿਆਣੇ ਦੀ ਧਰਤੀ 'ਤੇ ਨਹੀਂ, ਮੇਰੀ ਰੂਹ ਦੇ ਅੰਦਰ ਵਸਦਾ ਹੈ।

# ਸੰਪਰਕ : +9198769-68193

# ਨੀਟ 2026 : ਪ੍ਰੀਖਿਆ ਪ੍ਰਣਾਲੀ 'ਤੇ ਉੱਠਦੇ ਸਵਾਲ



ਮੁਹੰਮਦ ਅੱਬਾਸ ਧਾਲੀਵਾਲ

ਕਿਸੇ ਵੀ ਦੇਸ਼ ਵਿੱਚ ਪ੍ਰੀਖਿਆਵਾਂ ਸਿਰਫ਼ ਇਮਤਿਹਾਨ ਨਹੀਂ ਹੁੰਦੀਆਂ, ਸਗੋਂ ਨੌਜਵਾਨਾਂ ਅਤੇ ਉਹਨਾਂ ਨਾਲ ਜੁੜੇ ਲੋਕਾਂ ਦੇ ਸੁਪਨਿਆਂ ਦੀ ਨੀਂਹ ਅਤੇ ਚੰਗੇ ਭਵਿੱਖ ਦਾ ਪ੍ਰਤੀਕ ਹੁੰਦੀਆਂ ਹਨ, ਕਿਉਂਕਿ ਇਹ ਕਰੋੜਾਂ ਨੌਜਵਾਨਾਂ ਦੇ ਸੁਪਨਿਆਂ, ਪਰਵਾਰਾਂ ਦੀਆਂ ਉਮੀਦਾਂ ਅਤੇ ਸਾਲਾਂ ਦੀ ਮਿਹਨਤ ਦਾ ਨਤੀਜਾ ਹੁੰਦੀਆਂ ਹਨ।

ਹੁਣ ਜੇਕਰ ਇਨ੍ਹਾਂ ਪ੍ਰੀਖਿਆਵਾਂ 'ਤੇ ਹੀ ਸ਼ੱਕ ਹੋਣ ਲੱਗ ਪਏ ਅਤੇ ਉਹਨਾਂ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਹੋਣ ਲੱਗਣ ਤਾਂ ਯਕੀਨਨ ਇਹ ਕਿਸੇ ਵੀ ਦੇਸ਼ ਦੀ ਸਰਕਾਰ ਲਈ ਚੰਗੀ ਗੱਲ ਨਹੀਂ ਮੰਨੀ ਜਾ ਸਕਦੀ।ਪਿਛਲੇ ਕੁਝ ਸਾਲਾਂ ਤੋਂ ਦੇਸ਼ ਵਿੱਚ, ਖ਼ਾਸ ਕਰਕੇ ਮੈਡੀਕਲ ਸਿੱਖਿਆ ਨਾਲ ਸੰਬੰਧਤ ਪ੍ਰੀਖਿਆਵਾਂ ਵਿੱਚ ਇਹ ਵੇਖਣ ਨੂੰ ਮਿਲ ਰਿਹਾ ਹੈ ਕਿ ਪੇਪਰ ਲੀਕ ਹੋਣ ਕਾਰਨ ਇਹ ਪ੍ਰਣਾਲੀ ਦੇਸ਼ ਦੇ ਨੌਜਵਾਨਾਂ ਦੇ ਭਵਿੱਖ ਨਾਲ ਇੱਕ ਤਰ੍ਹਾਂ ਦਾ ਖਿਲਵਾੜ ਸਾਬਤ ਹੋ ਰਹੀ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਮੈਡੀਕਲ ਸਿੱਖਿਆ ਵਿੱਚ ਦਾਖ਼ਲੇ ਦਾ ਸਭ ਤੋਂ ਵੱਡਾ ਮਾਧਿਅਮ ਮੰਨੀ ਜਾਣ ਵਾਲੀ ਨੀਟ (ਯੂ ਜੀ) ਪ੍ਰੀਖਿਆ ਹੈ, ਪਰ ਹੁਣ ਇਸ ਇਮਤਿਹਾਨ 'ਤੇ ਵੀ ਸ਼ੱਕ ਦੇ ਬੱਦਲ ਘਿਰਦੇ ਨਜ਼ਰ ਆ ਰਹੇ ਹਨ। ਹਾਲ ਹੀ ਵਿੱਚ ਸਾਲ 2026 ਦੀ ਨੀਟ ਪ੍ਰੀਖਿਆ ਦੇ ਰੱਦ ਹੋਣ ਨੇ ਇੱਕ ਵਾਰ ਫਿਰ ਦੇਸ਼ ਦੀ ਪ੍ਰੀਖਿਆ ਪ੍ਰਣਾਲੀ 'ਤੇ ਗੰਭੀਰ ਪ੍ਰਸ਼ਨ ਚਿੰਨ੍ਹ ਖੜ੍ਹੇ ਕਰ ਦਿੱਤੇ ਹਨ।

ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਵੱਲੋਂ 3 ਮਈ ਨੂੰ ਕਰਵਾਈ ਗਈ ਨੀਟ ਪ੍ਰੀਖਿਆ ਨੂੰ ਪੇਪਰ ਲੀਕ ਦੀਆਂ ਆਸ਼ੰਕਾਵਾਂ ਦੇ ਚਲਦੇ ਰੱਦ ਕਰ ਦੇਣਾ ਸਿਰਫ਼ ਇੱਕ ਪ੍ਰਸ਼ਾਸਨਿਕ ਫ਼ੈਸਲਾ ਨਹੀਂ, ਸਗੋਂ ਉਸ ਪ੍ਰਣਾਲੀ ਦੀ ਸਵੀਕਾਰੋਕਤੀ ਹੈ, ਜਿਸ ਵਿੱਚ ਪਾਰਦਰਸ਼ਤਾ ਅਤੇ ਭਰੋਸੇਯੋਗਤਾ ਲਗਾਤਾਰ ਕਮਜ਼ੋਰ ਹੁੰਦੀ ਜਾ ਰਹੀ ਹੈ।ਲੱਗਭੱਗ 22 ਲੱਖ ਵਿਦਿਆਰਥੀਆਂ ਵੱਲੋਂ ਦਿੱਤੀ ਗਈ ਇਸ ਪ੍ਰੀਖਿਆ ਦਾ ਰੱਦ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਸਮੱਸਿਆ ਹੁਣ ਛਿੱਟਪੁੱਟ ਨਹੀਂ ਰਹੀ, ਬਲਕਿ ਇੱਕ ਸੰਗਠਿਤ ਰੂਪ ਧਾਰ ਚੁੱਕੀ ਹੈ।

ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਸਾਹਮਣੇ ਆਈਆਂ ਪੇਪਰ ਲੀਕ ਦੀਆਂ ਖ਼ਬਰਾਂ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਪ੍ਰਸ਼ਨ ਪੱਤਰ ਦੀ ਪੀ ਡੀ ਐੱਫ਼ ਪ੍ਰੀਖਿਆ ਤੋਂ ਪਹਿਲਾਂ ਵੱਖ-ਵੱਖ ਮਾਧਿਅਮਾਂ ਰਾਹੀਂ ਫੈਲਾਈ ਗਈ ਅਤੇ ਸੈਂਕੜੇ ਪ੍ਰਸ਼ਨ ਪਹਿਲਾਂ ਹੀ ਬਾਹਰ ਪਹੁੰਚ ਚੁੱਕੇ ਸਨ। ਜੇਕਰ ਇਹ ਸੱਚ ਹੈ ਤਾਂ ਇਹ ਸਿਰਫ਼ ਪ੍ਰੀਖਿਆ ਲੀਕ ਨਹੀਂ, ਸਗੋਂ ਦੇਸ਼ ਦੀ ਸਿੱਖਿਆ ਪ੍ਰਣਾਲੀ ਨਾਲ ਖੁੱਲ੍ਹਾ ਖਿਲਵਾੜ ਅਤੇ ਨੌਜਵਾਨਾਂ ਦੇ ਭਵਿੱਖ ਨਾਲ ਇੱਕ ਵੱਡਾ ਮਜ਼ਾਕ ਹੈ।

ਇਸ ਨਾਲ ਸਭ ਤੋਂ ਵੱਧ ਪੀੜਾ ਉਹਨਾਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਹੋਈ ਹੈ, ਜਿਨ੍ਹਾਂ ਨੇ ਇਸ ਪ੍ਰੀਖਿਆ ਲਈ ਸਾਲਾਂ ਤੱਕ ਸੰਘਰਸ਼ ਕੀਤਾ। ਕਿਸੇ ਪਰਵਾਰ ਨੇ ਕੋਚਿੰਗ ਲਈ ਕਰਜ਼ਾ ਲਿਆ, ਕਿਸੇ ਮਾਂ ਨੇ ਆਪਣੇ ਗਹਿਣੇ ਵੇਚੇ, ਕਿਸੇ ਵਿਦਿਆਰਥੀ ਨੇ ਆਪਣੀ ਜਵਾਨੀ ਦਾ ਸਭ ਤੋਂ ਸੁੰਦਰ ਸਮਾਂ ਕਿਤਾਬਾਂ ਵਿੱਚ ਬਿਤਾਅ ਦਿੱਤਾ। ਪਰ ਆਖ਼ਿਰਕਾਰ ਉਹਨਾਂ ਨੂੰ ਮਿਲਿਆ ਕੀ?-ਅਨਿਸ਼ਚਿਤਤਾ, ਮਾਨਸਿਕ ਤਣਾਅ ਅਤੇ ਪ੍ਰਣਾਲੀ 'ਤੇ ਟੁੱਟਦਾ ਭਰੋਸਾ।

ਵਿਰੋਧੀ ਧਿਰ ਵੱਲੋਂ ਸਰਕਾਰ ਅਤੇ ਐੱਨ ਟੀ ਏ 'ਤੇ ਉਠਾਏ ਗਏ ਸਵਾਲ ਪੂਰੀ ਤਰ੍ਹਾਂ ਰਾਜਨੀਤਿਕ ਨਹੀਂ ਕਹੇ ਜਾ ਸਕਦੇ। ਜਦੋਂ ਵਾਰ-ਵਾਰ ਵੱਖ-ਵੱਖ ਪ੍ਰੀਖਿਆਵਾਂ ਵਿੱਚ ਪੇਪਰ ਲੀਕ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ ਤਾਂ ਇਹ ਪੁੱਛਣਾ ਸੁਭਾਵਿਕ ਹੋ ਜਾਂਦਾ ਹੈ ਕਿ ਆਖ਼ਿਰ ਪ੍ਰੀਖਿਆ ਪ੍ਰਣਾਲੀ ਦੀ ਸੁਰੱਖਿਆ ਵਿੱਚ ਇੰਨੀ ਵੱਡੀ ਚੂਕ ਕਿਵੇਂ ਹੋ ਰਹੀ ਹੈ। ਰਾਹੁਲ ਗਾਂਧੀ ਦਾ ਇਹ ਕਹਿਣਾ ਕਿ ਨੀਟ ਹੁਣ ਪ੍ਰੀਖਿਆ ਨਹੀਂ, ਇੱਕ ਨੀਲਾਮੀ ਬਣ ਗਈ ਹੈ, ਭਾਵੇਂ ਰਾਜਨੀਤਕ ਭਾਸ਼ਾ ਹੋ ਸਕਦੀ ਹੈ, ਪਰ ਇਹ ਉਹਨਾਂ ਲੱਖਾਂ ਵਿਦਿਆਰਥੀਆਂ ਦੀ ਨਿਰਾਸ਼ਾ ਨੂੰ ਵੀ ਪ੍ਰਗਟ ਕਰਦਾ ਹੈ, ਜੋ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ।

ਹਾਲਾਂਕਿ ਕੇਂਦਰ ਸਰਕਾਰ ਵੱਲੋਂ ਤੁਰੰਤ ਪ੍ਰੀਖਿਆ ਰੱਦ ਕਰਨਾ ਅਤੇ ਮਾਮਲੇ ਨੂੰ ਸੀ ਬੀ ਆਈ ਦੇ ਹਵਾਲੇ ਕਰਨਾ ਇੱਕ ਲਾਜ਼ਮੀ ਕਦਮ ਸੀ। ਇਸ ਨਾਲ ਘੱਟੋ-ਘੱਟ ਇਹ ਸੰਦੇਸ਼ ਤਾਂ ਗਿਆ ਕਿ ਸਰਕਾਰ ਮਾਮਲੇ ਦੀ ਗੰਭੀਰਤਾ ਨੂੰ ਸਮਝ ਰਹੀ ਹੈ ਪਰ ਸਿਰਫ਼ ਜਾਂਚ ਬਿਠਾ ਦੇਣਾ ਹੀ ਕਾਫ਼ੀ ਨਹੀਂ ਹੋਵੇਗਾ। ਦੇਸ਼ ਹੁਣ ਠੋਸ ਜਵਾਬਦੇਹੀ ਚਾਹੁੰਦਾ ਹੈ। ਇਹ ਜਾਨਣਾ ਜ਼ਰੂਰੀ ਹੈ ਕਿ ਪ੍ਰਸ਼ਨ ਪੱਤਰ ਕਿੱਥੋਂ ਲੀਕ ਹੋਇਆ, ਕਿਹੜੇ ਅਧਿਕਾਰੀਆਂ ਜਾਂ ਏਜੰਸੀਆਂ ਦੀ ਲਾਪਰਵਾਹੀ ਰਹੀ ਅਤੇ ਪੇਪਰ ਮਾਫ਼ੀਆ ਦਾ ਜਾਲ ਕਿੰਨਾ ਵੱਡਾ ਹੈ।

ਦਰਅਸਲ ਸਮੱਸਿਆ ਸਿਰਫ਼ ਨੀਟ ਤੱਕ ਸੀਮਿਤ ਨਹੀਂ ਹੈ। ਪਿਛਲੇ ਕੁਝ ਸਾਲਾਂ ਵਿੱਚ ਵੱਖ-ਵੱਖ ਭਰਤੀ ਅਤੇ ਦਾਖ਼ਲਾ ਪ੍ਰੀਖਿਆਵਾਂ ਵਿੱਚ ਪੇਪਰ ਲੀਕ ਦੀਆਂ ਘਟਨਾਵਾਂ ਆਮ ਹੋ ਚੁੱਕੀਆਂ ਹਨ। ਇਸ ਨਾਲ ਨੌਜਵਾਨਾਂ ਦੇ ਮਨ ਵਿੱਚ ਇਹ ਧਾਰਨਾ ਬਣਨ ਲੱਗੀ ਹੈ ਕਿ ਮਿਹਨਤ ਨਾਲੋਂ ਵੱਧ ਮਹੱਤਵ 'ਪਹੁੰਚ' ਅਤੇ 'ਪੈਸੇ' ਦਾ ਹੋ ਗਿਆ ਹੈ। ਇਹ ਧਾਰਨਾ ਕਿਸੇ ਵੀ ਲੋਕਤਾਂਤਰਿਕ ਸਮਾਜ ਲਈ ਬਹੁਤ ਖ਼ਤਰਨਾਕ ਹੈ, ਕਿਉਂਕਿ ਸਿੱਖਿਆ ਅਤੇ ਮੁਕਾਬਲਾ ਹੀ ਸਮਾਜਿਕ ਨਿਆਂ ਅਤੇ ਮੌਕਿਆਂ ਦੀ ਸਮਾਨਤਾ ਦਾ ਸਭ ਤੋਂ ਵੱਡਾ ਆਧਾਰ ਮੰਨੇ ਜਾਂਦੇ ਹਨ।

ਮਾਹਿਰਾਂ ਦੀ ਮੰਨੀਏ ਤਾਂ ਹੁਣ ਲੋੜ ਸਿਰਫ਼ ਦੁਬਾਰਾ ਪ੍ਰੀਖਿਆ ਕਰਵਾਉਣ ਦੀ ਨਹੀਂ, ਸਗੋਂ ਪੂਰੀ ਪ੍ਰੀਖਿਆ ਪ੍ਰਣਾਲੀ ਵਿੱਚ ਢਾਂਚਾਗਤ ਸੁਧਾਰਾਂ ਦੀ ਹੈ। ਪ੍ਰਸ਼ਨ ਪੱਤਰ ਤਿਆਰ ਕਰਨ ਤੋਂ ਲੈ ਕੇ ਡਿਜੀਟਲ ਸੁਰੱਖਿਆ, ਪ੍ਰਿੰਟਿੰਗ, ਟਰਾਂਸਪੋਰਟੇਸ਼ਨ ਅਤੇ ਪ੍ਰੀਖਿਆ ਕੇਂਦਰਾਂ ਤੱਕ ਹਰ ਪੱਧਰ 'ਤੇ ਜਵਾਬਦੇਹੀ ਤੈਅ ਕਰਨੀ ਹੋਵੇਗੀ। ਪ੍ਰੀਖਿਆ ਏਜੰਸੀਆਂ ਦੀ ਕਾਰਗੁਜ਼ਾਰੀ ਦਾ ਸੁਤੰਤਰ ਆਡਿਟ ਹੋਣਾ ਚਾਹੀਦਾ ਹੈ ਅਤੇ ਪੇਪਰ ਲੀਕ ਨੂੰ ਰਾਸ਼ਟਰ ਵਿਰੋਧੀ ਆਰਥਿਕ ਅਪਰਾਧ ਦੀ ਸ਼੍ਰੇਣੀ ਵਿੱਚ ਰੱਖ ਕੇ ਕਠੋਰ ਸਜ਼ਾ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਸਰਕਾਰ ਨੂੰ ਇਹ ਵੀ ਸਮਝਣਾ ਹੋਵੇਗਾ ਕਿ ਹਰ ਵਾਰ ਪ੍ਰੀਖਿਆ ਰੱਦ ਹੋਣ ਦੀ ਕੀਮਤ ਸਿਰਫ਼ ਪ੍ਰਸ਼ਾਸਨਿਕ ਨਹੀਂ ਹੁੰਦੀ। ਇਸ ਦੀ ਸਭ ਤੋਂ ਵੱਡੀ ਕੀਮਤ ਵਿਦਿਆਰਥੀ ਆਪਣੇ ਮਾਨਸਿਕ ਸਿਹਤ, ਸਮੇਂ ਅਤੇ ਆਤਮ ਵਿਸ਼ਵਾਸ ਨਾਲ ਚੁਕਾਉਂਦੇ ਹਨ। ਵਾਰ-ਵਾਰ ਦੀ ਅਨਿਸ਼ਚਿਤਤਾ ਨੌਜਵਾਨਾਂ ਨੂੰ ਅੰਦਰ ਤੱਕ ਤੋੜ ਦਿੰਦੀ ਹੈ।

ਇਸ ਸੰਦਰਭ ਵਿੱਚ ਇੱਕ ਸਰਕਾਰੀ ਕਾਲਜ ਦੇ ਸੇਵਾਮੁਕਤ ਪ੍ਰਿੰਸੀਪਲ ਸ਼ਫ਼ਕਤ ਅਲੀ ਖ਼ਾਨ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਣਾ ਸਿਸਟਮ ਦੀ ਇੱਕ ਵੱਡੀ ਨਾਕਾਮੀ ਹੈ। ਉਹਨਾਂ ਕਿਹਾ ਕਿ ਅਜਿਹੇ ਇਮਤਿਹਾਨਾਂ ਦੀ ਤਿਆਰੀ 'ਤੇ ਬੱਚਿਆਂ ਦਾ ਬਹੁਤ ਸਮਾਂ, ਮਿਹਨਤ ਅਤੇ ਮਾਪਿਆਂ ਦਾ ਬਹੁਤ ਸਾਰਾ ਪੈਸਾ ਖ਼ਰਚ ਹੁੰਦਾ ਹੈ, ਪਰ ਜਿਵੇਂ ਹੀ ਪੇਪਰ ਲੀਕ ਹੋਣ ਕਾਰਨ ਪ੍ਰੀਖਿਆ ਰੱਦ ਹੁੰਦੀ ਹੈ ਤਾਂ ਇਸ ਨਾਲ ਬੱਚਿਆਂ ਵਿੱਚ ਇੱਕ ਮਾਯੂਸੀ ਪੈਦਾ ਹੁੰਦੀ ਹੈ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਲਈ ਜ਼ਿੰਮੇਵਾਰ ਲੋਕਾਂ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ ਅਤੇ ਜੋ ਲੋਕ ਪੇਪਰ ਲੀਕ ਕਰਵਾਉਣ ਵਿੱਚ ਸ਼ਾਮਲ ਹਨ, ਉਹਨਾਂ ਖ਼ਿਲਾਫ਼ ਸਖ਼ਤ ਕਾਰਵਾਈ ਅਤੇ ਕਰੜੀ ਸਜ਼ਾ ਹੋਣੀ ਚਾਹੀਦੀ ਹੈ।

ਨੀਟ 2026 ਦਾ ਰੱਦ ਹੋਣਾ ਸਿਰਫ਼ ਇੱਕ ਪ੍ਰੀਖਿਆ ਦਾ ਰੱਦ ਹੋਣਾ ਨਹੀਂ ਹੈ; ਇਹ ਉਸ ਭਰੋਸੇ ਦਾ ਸੰਕਟ ਹੈ, ਜਿਸ 'ਤੇ ਦੇਸ਼ ਦੀ ਪੂਰੀ ਮੁਕਾਬਲਾਤੀ ਸਿੱਖਿਆ ਪ੍ਰਣਾਲੀ ਖੜ੍ਹੀ ਹੈ। ਜੇਕਰ ਹੁਣ ਵੀ ਕਠੋਰ ਅਤੇ ਪਾਰਦਰਸ਼ੀ ਸੁਧਾਰ ਨਾ ਕੀਤੇ ਗਏ ਤਾਂ ਆਉਣ ਵਾਲੇ ਸਮੇਂ ਵਿੱਚ ਵਿਦਿਆਰਥੀਆਂ ਦਾ ਭਰੋਸਾ ਮੁੜ ਜਿੱਤਣਾ ਬਹੁਤ ਮੁਸ਼ਕਲ ਹੋ ਜਾਵੇਗਾ।

# ਸੰਪਰਕ : 98552-59650

# ਬਾਬਾ ਫਰੀਦ ਸਕੂਲ ਛੱਤਿਆਣਾ ਦੇ ਵਿਦਿਆਰਥੀਆਂ ਦਸਵੀਂ ਦੇ ਨਤੀਜੇ 'ਚ ਮਾਰੀਆਂ ਮੱਲਾਂ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿਚ ਬਾਬਾ ਫਰੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ ਹੈ।ਸਕੂਲ ਦੀਆਂ ਦੋ ਵਿਦਿਅਰਥਣਾਂ ਨੇ ਮੈਰਿਟ ਸੂਚੀ ਵਿੱਚ ਜਗ੍ਹਾ ਬਣਾ ਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਪਰਮਜੀਤ ਕੌਰ ਬਰਾੜ ਨੇ ਦੱਸਿਆ ਕਿ ਵਿਦਿਆਰਥਣ ਹਰਮੀਨ ਕੌਰ ਨੇ 650 ਵਿਚੋਂ 631 ਅੰਕ ਹਾਸਲ ਕਰਕੇ ਜ਼ਿਲ੍ਹੇ ਭਰ ਵਿਚੋਂ ਪਹਿਲਾ ਸਥਾਨ ਅਤੇ ਪੰਜਾਬ ਵਿਚੋਂ 14ਵਾਂ ਰੈਂਕ, ਜਦੋਂਕਿ ਇਸੇ ਸਕੂਲ ਦੀ ਵਿਦਿਆਰਥਣ ਰਸਪਿੰਦਰ ਕੌਰ ਨੇ 650 ਵਿਚੋਂ 625 ਅੰਕ ਅਤੇ ਸਵਰੀਤ ਕੌਰ ਨੇ 650 ਵਿਚੋਂ 624 ਅੰਕ, ਜਸਪ੍ਰੀਤ ਨੇ 650 ਵਿਚੋਂ 622 ਅੰਕ, ਅਰਮਾਨ ਸਿੰਘ ਨੇ 650 ਵਿਚੋਂ 617 ਅੰਕ ਪ੍ਰਾਪਤ ਕਰਕੇ ਮੈਰਿਟ ਲਿਸਟ ਵਿਚ ਜਗ੍ਹਾ ਬਣਾਈ ਹੈ। ਪ੍ਰਿੰਸੀਪਲ ਨੇ ਦੱਸਿਆ ਕਿ ਸਕੂਲ ਦੇ ਕੁੱਲ 69 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਦਿੱਤੀ ਸੀ, ਜਿਸ ਵਿਚੋਂ 16 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅਤੇ 8 ਵਿਦਿਆਰਥੀਆਂ ਨੇ 85 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ।ਇਸ ਮੌਕੇ ਸਕੂਲ ਦੇ ਐਮ ਡੀ ਹਰਜੀਤ ਸਿੰਘ ਬਰਾੜ, ਨੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਿਆਂ ਵਿਦਿਆਰਥੀਆਂ ਤੇ ਉਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਕਲਾਸ ਇੰਚਾਰਜ ਕਿਰਨਦੀਪ ਕੌਰ ਤੇ ਗੁਰਮੀਤ ਸਿੰਘ ਤੋਂ ਇਲਾਵਾ ਸਾਰੇ ਹੀ ਅਧਿਆਪਕਾਂ, ਸਕੂਲ ਸਟਾਫ਼ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਮਹਿੰਗਾਈ ਨੂੰ ਲੈ ਕੇ ਕਾਂਗਰਸ ਦਾ ਕੇਂਦਰ 'ਤੇ ਤਿੱਖਾ ਹਮਲਾ



**ਲੁਧਿਆਣਾ (ਰੈਕਟਰ ਕਥੂਰੀਆ)**-ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਲਗਾਤਾਰ ਵੱਧ ਰਹੀ ਮਹਿੰਗਾਈ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਨੇ ਦੋਸ਼ ਲਾਇਆ ਹੈ ਕਿ ਸਰਕਾਰ ਦੀਆਂ ਨੀਤੀਆਂ ਨੇ ਗਰੀਬਾਂ, ਮਜ਼ਦੂਰ ਵਰਗ ਅਤੇ ਛੋਟੇ ਕਾਰੋਬਾਰੀਆਂ ਦੀ ਹਾਲਤ ਹੋਰ ਵੀ ਖਰਾਬ ਕਰ ਦਿੱਤੀ ਹੈ।ਦੀਵਾਨ ਨੇ ਮੋਦੀ ਸਰਕਾਰ ਵੱਲੋਂ ਸੋਨੇ, ਚਾਂਦੀ ਅਤੇ ਪਲੇਟਿਨਮ 'ਤੇ ਕਸਟਮ ਡਿਊਟੀ 6 ਫੀਸਦੀ ਤੋਂ ਵਧਾ ਕੇ 15 ਫੀਸਦੀ (ਅਤੇ ਪਲੇਟਿਨਮ 'ਤੇ 15.4 ਫੀਸਦੀ) ਕਰਨ ਦੇ ਫੈਸਲੇ 'ਤੇ ਤਿੱਖੀ ਪ੍ਰਤੀਕ੍ਰਿਆ ਦਿੰਦਿਆਂ, ਕਿਹਾ ਹੈ ਕਿ ਇਸ ਫੈਸਲੇ ਦੀ ਦੇਸ਼ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਨੇ ਕਿਹਾ ਕਿ ਵਧੀਆਂ ਡਿਊਟੀਆਂ ਕਾਰਨ ਭਾਰਤ ਵਿੱਚ ਸੋਨੇ, ਚਾਂਦੀ ਅਤੇ ਪਲੇਟਿਨਮ ਦੀਆਂ ਰਿਟੇਲ ਕੀਮਤਾਂ ਵਿੱਚ ਤੇਜ਼ ਵਾਧਾ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਪਹਿਲਾਂ ਹੀ ਮਹਿੰਗਾਈ ਨਾਲ ਜੂਝ ਰਹੇ ਖਪਤਕਾਰਾਂ 'ਤੇ ਵਾਧੂ ਦਾ ਬੋਝ ਪਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਹੀ ਕਮਰਸ਼ੀਅਲ ਐਲ ਪੀ ਜੀ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਬਹੁਤ ਹੀ ਹਾਨੀਕਾਰਕ ਅਤੇ ਕਠੋਰ ਫੈਸਲਾ ਲੈ ਚੁੱਕੀ ਹੈ, ਜਿਸ ਦਾ ਸਿੱਧਾ ਅਸਰ ਘਰੇਲੂ ਬਜਟ ਅਤੇ ਛੋਟੇ ਕਾਰੋਬਾਰਾਂ 'ਤੇ ਪਿਆ ਹੈ। ਦੀਵਾਨ ਨੇ ਖੁਲਾਸਾ ਕੀਤਾ ਕਿ ਮਹਿੰਗਾਈ ਸਿਰਫ਼ ਐਲ ਪੀ ਜੀ ਤੱਕ ਸੀਮਿਤ ਨਹੀਂ ਰਹੀ ਹੈ। ਬਲ ਕਿ ਦਾਲਾਂ, ਸਬਜ਼ੀਆਂ ਅਤੇ ਖਾਣ ਵਾਲੇ ਤੇਲ ਵਰਗੀਆਂ ਜ਼ਰੂਰੀ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਆਵਾਜਾਈ ਖਰਚੇ ਵਧਣ ਕਾਰਨ ਦੇਸ਼ ਭਰ ਦੇ ਪਰਿਵਾਰਾਂ ਲਈ ਜੀਵਨ ਬਹੁਤ ਮੁਸ਼ਕਲ ਹੋ ਗਿਆ ਹੈ।

# ਪੀ ਜੀ ਆਈ ਤੇ ਸਮਰਾਲਾ ਵਿਖੇ 'ਅੰਤਰਰਾਸ਼ਟਰੀ ਨਰਸਜ਼ ਹਫ਼ਤਾ' ਦੀ ਹੋਈ ਸ਼ੁਰੂਆਤ



**ਸਮਰਾਲਾ (ਸੁਰਜੀਤ ਸਿੰਘ)**-ਪੀ ਜੀ ਆਈ, ਚੰਡੀਗੜ੍ਹ ਵਿੱਚ 'ਅੰਤਰਰਾਸ਼ਟਰੀ ਨਰਸਜ਼ ਹਫ਼ਤਾ' ਮਨਾਉਣ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪ੍ਰੋ ਵਿਵੇਕ ਲਾਲ, ਡਾਇਰੈਕਟਰ, ਪੀ ਜੀ ਆਈ ਹਾਜ਼ਰ ਸਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾ ਪੰਕਜ ਅਰੋੜ ਐਡੀਸ਼ਨਲ ਪ੍ਰੋਫੈਸਰ, ਹਸਪਤਾਲ ਪ੍ਰਸ਼ਾਸਨ ਵਿਭਾਗ ਸ਼ਾਮਲ ਹੋਏ।ਸਮਾਗਮ ਦੀ ਸ਼ੁਰੂਆਤ ਸਰਸਵਤੀ ਵੰਦਨਾ ਅਤੇ ਸ਼ਮਾ ਰੌਸ਼ਨ ਦੀ ਰਸਮ ਨਾਲ ਹੋਈ।ਸਵਾਗਤੀ ਭਾਸ਼ਣ ਜਸਪਾਲ ਕੌਰ ਐਕਟਿੰਗ ਚੀਫ਼ ਨਰਸਿੰਗ ਅਫਸਰ ਵੱਲੋਂ ਦਿੱਤਾ ਗਿਆ।ਇਸ ਸਾਲ ਦੇ ਥੀਮ ਦੀ ਜਾਣ-ਪਛਾਣ ਸੁਖਪਾਲ ਕੌਰ ਪ੍ਰਿੰਸੀਪਲ 'ਨਾਈਨ' ਵੱਲੋਂ ਕਰਵਾਈ ਗਈ। ਮੁੱਖ ਮਹਿਮਾਨ ਪ੍ਰੋ ਵਿਵੇਕ ਲਾਲ ਨੇ ਆਪਣੇ ਸੰਬੋਧਨ ਵਿੱਚ ਨਰਸਾਂ ਦੀ ਭੂਮਿਕਾ ਦੀ ਸਰਾਹਨਾ ਕੀਤੀ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ।ਇਸੇ ਦੌਰਾਨ ਸਿਵਲ ਹਸਪਤਾਲ ਸਮਰਾਲਾ ਵਿਖੇ 'ਅੰਤਰਰਾਸ਼ਟਰੀ ਨਰਸਜ਼' ਦਿਵਸ ਮਨਾਇਆ ਗਿਆ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸਾਰਿਕਾ ਨੇ ਕਿਹਾ ਕਿ ਹਰ ਸਾਲ 12 ਮਈ ਨੂੰ ਵਿਸ਼ਵ ਭਰ ਵਿੱਚ ਅੰਤਰਰਾਸ਼ਟਰੀ ਨਰਸ ਦਿਵਸ ਮਨਾਇਆ ਜਾਂਦਾ ਹੈ।ਨਰਸਾਂ ਸਿਹਤ ਸੰਭਾਲ ਪ੍ਰਣਾਲੀ ਦੀ ਰੀੜ ਦੀ ਹੱਡੀ ਹਨ।

# ਭਾਸ਼ਾ ਵਿਭਾਗ ਪੰਜਾਬ ਦੇ ਪੰਜਾਬੀ ਰਸਾਲਿਆਂ ਦਾ ਪ੍ਰਕਾਸ਼ਨ ਨਿਯਮਤ ਰੂਪ 'ਚ ਸ਼ੁਰੂ



**ਪਟਿਆਲਾ (ਥਿੰਦ)**-ਭਾਸ਼ਾ ਵਿਭਾਗ ਪੰਜਾਬ ਦੇ ਪੰਜਾਬੀ ਰਸਾਲੇ 'ਜਨ ਸਾਹਿਤ' ਅਤੇ 'ਪੰਜਾਬੀ ਦੁਨੀਆ' ਦਾ ਪ੍ਰਕਾਸ਼ਨ ਫਿਰ ਤੋਂ ਨਿਯਮਤ ਰੂਪ ਵਿੱਚ ਸ਼ੁਰੂ ਹੋ ਗਿਆ ਹੈ। ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਪਿਛਲੇ ਕਾਫ਼ੀ ਅਰਸੇ ਤੋਂ ਉਕਤ ਰਸਾਲੇ ਵੱਖ-ਵੱਖ ਕਾਰਨਾਂ ਕਰਕੇ, ਸਮੇਂ ਸਿਰ ਛਪ ਨਹੀਂ ਰਹੇ ਸਨ। ਵਿਭਾਗ ਦੀ ਟੀਮ ਵੱਲੋਂ ਕੀਤੇ ਗਏ ਉਪਰਾਲਿਆਂ ਸਦਕਾ ਹੁਣ ਇਹ ਰਸਾਲੇ ਸਮੇਂ ਸਿਰ ਅਤੇ ਨਿਯਮਤ ਰੂਪ ਵਿੱਚ ਛਪਣੇ ਸ਼ੁਰੂ ਹੋ ਗਏ ਹਨ। ਪਿਛਲੇ ਸਮੇਂ ਦੇ ਬਕਾਇਆ ਪਏ ਰਸਾਲਿਆਂ ਦੇ ਜ਼ਿਆਦਾਤਰ ਅੰਕ ਛਪ ਕੇ ਵਿਭਾਗ 'ਚ ਪੁੱਜ ਗਏ ਹਨ ਜੋ ਜਲਦੀ ਹੀ ਪਾਠਕਾਂ ਕੋਲ ਪੁੱਜ ਜਾਣਗੇ। ਉਨ੍ਹਾਂ ਦੱਸਿਆ ਕਿ ਪਹਿਲਾਂ ਇਹ ਰਸਾਲੇ ਪੰਜਾਬ ਸਰਕਾਰ ਦੇ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ ਦੁਆਰਾ ਛਾਪੇ ਜਾਂਦੇ ਸਨ, ਵਿਭਾਗਾਂ ਦੇ ਆਪਸੀ ਤਾਲਮੇਲ ਜਾਂ ਵਿੱਤੀ ਸਾਧਨਾਂ ਦੀ ਘਾਟ ਕਰਕੇ ਜਾਂ ਹੋਰ ਕਾਰਨਾਂ ਕਰਕੇ ਇਨ੍ਹਾਂ ਦੀ ਛਪਾਈ 'ਚ ਦੇਰੀ ਹੋ ਜਾਂਦੀ ਸੀ। ਹੁਣ ਭਾਸ਼ਾ ਵਿਭਾਗ ਨੇ ਇਨ੍ਹਾਂ ਦੀ ਛਪਾਈ ਦਾ ਕਾਰਜ ਆਪਣੇ ਹੱਥਾਂ 'ਚ ਲੈ ਲਿਆ ਹੈ। ਜਿਸ ਕਾਰਨ ਇਨ੍ਹਾਂ ਦੀ ਨਿਯਮਤ ਤੇ ਸਮੇਂ ਸਿਰ ਛਪਾਈ ਹੋਣੀ ਯਕੀਨੀ ਬਣਾਈ ਜਾ ਰਹੀ ਹੈ। ਉਹਨਾਂ ਨੇ ਦੱਸਿਆ ਕਿ ਵਿਭਾਗੀ ਰਸਾਲਿਆਂ ਦੀ ਸਮੱਗਰੀ ਵਿੱਚ ਵੀ ਕੁਝ ਬਦਲਾਅ ਲਿਆਂਦੇ ਗਏ ਹਨ। ਦਾਨਿਸ਼ਵਰ ਸ਼ਖ਼ਸੀਅਤਾਂ ਬਾਰੇ ਵਿਸ਼ੇਸ਼ ਅੰਕਾਂ ਦੀ ਗਿਣਤੀ ਵਧਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਤਾਜ਼ਾ ਪ੍ਰਕਾਸ਼ਤ ਹੋਏ ਵਿਸ਼ੇਸ਼ ਅੰਕਾਂ 'ਚ ਸ਼ਹੀਦ ਭਗਤ ਸਿੰਘ, ਡਾ. ਜਗਤਾਰ ਤੇ ਡਾ. ਹਰਿਭਜਨ ਸਿੰਘ ਵਿਸ਼ੇਸ਼ ਅੰਕ ਸ਼ਾਮਲ ਹਨ। ਜਲਦੀ ਹੀ ਇਨ੍ਹਾਂ ਰਸਾਲਿਆਂ ਦੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਤੇ ਡਾ. ਗੁਰਮੇਲ ਕੌਰ ਜੋਸ਼ੀ ਵਿਸ਼ੇਸ਼ ਅੰਕ ਵੀ ਪਾਠਕਾਂ ਦੇ ਹੱਥਾਂ 'ਚ ਹੋਣਗੇ। ਇਨ੍ਹਾਂ ਰਸਾਲਿਆਂ ਦੇ ਸੰਪਾਦਕ ਡਾ. ਸੰਤੋਖ ਸਿੰਘ ਸੁੱਖੀ ਨੇ ਦੱਸਿਆ ਕਿ 'ਜਨ ਸਾਹਿਤ' ਰਸਾਲੇ ਵਿੱਚ ਸਿਰਜਣਾਤਮਕ ਸਾਹਿਤ ਨਾਲ ਸਬੰਧਤ ਰਚਨਾਵਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ ਅਤੇ 'ਪੰਜਾਬੀ ਦੁਨੀਆ' ਰਸਾਲੇ ਵਿੱਚ ਵੱਖ-ਵੱਖ ਵਿਸ਼ਿਆਂ ਤੇ ਸ਼ਖ਼ਸੀਅਤਾਂ ਬਾਰੇ ਖੋਜ ਭਰਪੂਰ ਲੇਖ ਛਾਪੇ ਜਾਂਦੇ ਹਨ।

# ਕੋਹਲੀ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਬੱਸਾਂ ਰਵਾਨਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਅਜੀਤਪਾਲ ਸਿੰਘ ਕੋਹਲੀ ਨੇ ਪੰਜਾਬ ਸਰਕਾਰ ਦੀ ਲੋਕ ਭਲਾਈ ਯੋਜਨਾ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਅੱਜ ਪਟਿਆਲਾ ਦੇ ਤੋਪ ਖਾਨਾ ਮੋੜ ਅਤੇ ਸੁੱਲਰ ਤੋਂ ਸ਼ਰਧਾਲੂਆਂ ਨਾਲ ਭਰੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਮੌਜੂਦ ਰਹੇ।ਵਿਧਾਇਕ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਬਜ਼ੁਰਗਾਂ ਤੇ ਸ਼ਰਧਾਲੂਆਂ ਲਈ ਇੱਕ ਵੱਡਾ ਉਪਰਾਲਾ ਹੈ, ਜਿਸ ਤਹਿਤ ਲੋਕਾਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ।

# ਪਲੇਵੇਜ਼ ਸਕੂਲ ਦੀ ਅਫ਼ਰੀਨ 499 ਨੰਬਰ ਲੈ ਕੇ ਜ਼ਿਲ੍ਹੇ 'ਚੋਂ ਪਹਿਲੇ ਸਥਾਨ 'ਤੇ ਰਹੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਦਾ ਨਤੀਜਾ ਐਲਾਨ ਕੀਤਾ ਗਿਆ ਹੈ।ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਲੇਵੇਜ਼ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ।ਅਫ਼ਰੀਨ ਅਜੀਜ ਨੇ ਕਲਾਸ 10+2 ਆਰਟਸ ਨੇ 499/500 ਨੰਬਰ ਲੈ ਕੇ ਸਟੇਟ ਵਿੱਚੋਂ ਦੂਜਾ ਤੇ ਪਟਿਆਲਾ ਜ਼ਿਲ੍ਹੇ 'ਚੋਂ ਪਹਿਲੇ ਸਥਾਨ 'ਤੇ ਰਹਿ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ।ਸਾਰੇ ਸਕੂਲ ਦਾ ਨਤੀਜਾ 100 ਫ਼ੀਸਦੀ ਰਿਹਾ ਹੈ। ਮੈਰਿਟ ਵਿੱਚ ਆਏ ਵਿਦਿਆਰਥੀਆਂ ਨੇ ਸਕੂਲ ਤੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ ਹੈ।ਸਕੂਲ ਦੇ ਚੇਅਰਮੈਨ ਡਾ. ਰਾਜਦੀਪ ਸਿੰਘ, ਡਾਇਰੈਕਟਰ ਹਰਲੀਨ ਕੌਰ, ਪ੍ਰਿੰਸੀਪਲ ਰਕਸ਼ਾ ਵਰਮਾ ਤੇ ਅਧਿਆਪਕਾਂ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ, ਜੋ ਹਮੇਸ਼ਾ ਬੱਚਿਆਂ ਦੇ ਚੰਗੇ ਭਵਿੱਖ ਲਈ ਨਵੇਂ-ਨਵੇਂ ਉਪਰਾਲੇ ਕਰਦੇ ਰਹਿੰਦੇ ਹਨ।ਸਕੂਲ ਹਮੇਸ਼ਾ ਆਪਣੇ ਮਿਹਨਤੀ ਬੱਚਿਆਂ ਤੇ ਮਾਣ ਮਹਿਸੂਸ ਕਰਦਾ ਹੈ।

# ਏਕਤਾ ਉਗਰਾਹਾਂ ਵੱਲੋਂ ਡਿਪਟੀ ਰਜਿਸਟਰਾਰ ਕੋਆਪ੍ਰੇਟਿਵ ਸੁਸਾਇਟੀ ਦੇ ਦਫਤਰ ਅੱਗੇ ਧਰਨਾ

**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਹਾਂ ਵੱਲੋਂ ਡਿਪਟੀ ਰਜਿਸਟਰਾਰ ਕੋਆਪ੍ਰੇਟਿਵ ਸੁਸਾਇਟੀ ਮੋਗਾ ਤੇ ਦਫਤਰ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਗਿਆ। ਇਹ ਧਰਨਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋ ਦੀ ਪ੍ਰਧਾਨਗੀ ਹੇਠ ਲਾਇਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਗੁਰਮੀਤ ਸਿੰਘ ਕਿਸ਼ਨਪੁਰਾ ਤੇ ਜ਼ਿਲ੍ਹਾ ਵਿੱਤ ਸਕੱਤਰ ਬਲੌਰ ਸਿੰਘ ਘਲ ਕਲਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨ ਕਰਜ਼ਿਆਂ ਦੀ ਹੱਦ ਵਧਾਉਣ ਦਾ ਫੈਸਲਾ ਕੀਤਾ ਸੀ ਤੇ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਗਿਆ ਸੀ, ਜਿਸ ਅਨੁਸਾਰ 26, 27 ਵਿੱਚ ਕਣਕ ਲਈ 30 ਹਜ਼ਾਰ ਰੁਪਏ, ਝੋਨੇ ਲਈ 39000, ਗੰਨੇ ਲਈ 65000 ਤੇ ਆਲੂਆਂ ਲਈ 67,291 ਪ੍ਰਤੀ ਏਕੜ ਦੇ ਹਿਸਾਬ ਸਸਤੇ ਕਰਜ਼ੇ ਦੇਣ ਬਾਰੇ ਕਿਹਾ ਸੀ। ਨਵੀਂ ਕਰਜ਼ਾ ਸਕੀਮ ਵਿੱਚ ਕਿਸਾਨਾਂ ਨੂੰ ਝੋਨੇ ਦੀ ਫਸਲ ਪਾਲਣ ਲਈ 24000 ਦੀ ਰਾਸ਼ੀ ਨੂੰ ਵਧਾ ਕੇ 39000 ਕੀਤਾ ਗਿਆ ਸੀ। ਮੌਜੂਦਾ ਸਮੇਂ ਵਿੱਚ ਝੋਨੇ 'ਤੇ ਇਹ 23 ਹਜ਼ਾਰ ਨਕਦ ਤੇ 16 ਹਜ਼ਾਰ ਖਾਦ ਬੀਜ ਆਦਿ ਲਈ ਕਹੇ ਗਏ ਸੀ, ਪਰ ਕੌਮੀ ਖੇਤੀ ਤੇ ਪੇਂਡੂ ਵਿਕਾਸ ਬੈਂਕ ਨਾਬਾਰਡ ਵੱਲੋਂ ਖੇਤੀ ਲਈ ਪਿਛਲੇ ਸਾਲ 3500 ਕਰੋੜ ਜਾਰੀ ਕੀਤੇ ਗਏ ਸਨ ਤੇ ਇਸ ਵਾਰ 2400 ਕਰੋੜ ਘਟਾ ਕੇ ਸਿਰਫ 1100 ਕਰੋੜ ਹੀ ਜਾਰੀ ਕੀਤੇ ਹਨ, ਇਹ ਸਾਰਾ ਕੁਝ ਕੇਂਦਰ ਤੇ ਪੰਜਾਬ ਸਰਕਾਰ ਦੀ ਮਿਲੀ ਭੁਗਤ ਨਾਲ ਹੋ ਰਿਹਾ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਵੱਲੋਂ ਹੱਦ ਕਰਜੇ ਵਧਾਉਣ ਸਬੰਧੀ ਜਾਰੀ ਕੀਤਾ ਨੋਟੀਫਿਕੇਸ਼ਨ, ਜੋ ਵਾਪਸ ਲੈ ਲਿਆ ਗਿਆ ਹੈ, ਉਸ ਨੂੰ ਦੁਬਾਰਾ ਜਾਰੀ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਜੋ ਕਿਸਾਨਾਂ ਸਿਰ ਅੱਗ ਲਾਉਣ ਦੇ ਕੇਸ ਦਰਜ ਕੀਤੇ ਜਾ ਰਹੇ ਹਨ, ਉਹ ਬੰਦ ਕੀਤੇ ਜਾਣ, ਤੇਜ਼ ਝਖੜ, ਮੀਂਹ ਤੇ ਗੜ੍ਹਿਆਂ ਨੇ ਜੋ ਤਬਾਹੀ ਮਚਾਈ ਹੈ, ਉਸ ਦੀ ਤੁਰੰਤ ਗਰਦੌਰੀ ਕਰਾ ਕੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ। ਧਰਨੇ ਗੁਰਦੇਵ ਸਿੰਘ ਕਿਸ਼ਨਪੁਰਾ ਪ੍ਰਧਾਨ, ਹਰਮੇਲ ਸਿੰਘ ਘਾਲੀ, ਹਰਭਜਨ ਸਿੰਘ ਗਿਰ ਘੋਲੀਆ ਕਲਾਂ, ਰਸ਼ਪਾਲ ਸਿੰਘ ਡੇਮਰੂ ਕਲਾਂ ਸਿੰਘਾ, ਇਕਬਾਲ ਸਿੰਘ ਸਿੰਘਾ ਵਾਲਾ, ਜਗਜੀਤ ਸਿੰਘ ਕੋਕਰੀ, ਨਛੱਤਰ ਸਿੰਘ ਝੰਡੇ ਵਾਲਾ, ਗੁਰਦੇਵ ਸਿੰਘ ਕਿਸ਼ਨਪੁਰਾ, ਬੂਟਾ ਸਿੰਘ ਭਾਗੀ ਤੇ ਹਰਵਿੰਦਰ ਸਿੰਘ ਸੈਕਟਰੀ ਕੋ-ਆਪ੍ਰੇਟਿਵ ਬੈਂਕ ਰੋਡੇ, ਕੁਲਦੀਪ ਸਿੰਘ ਜ਼ਿਲਾ ਪ੍ਰਧਾਨ ਸੋਸਾਇਟੀ ਮੋਗਾ ਨੇ ਵੀ ਸੰਬੋਧਨ ਕੀਤਾ।



# ਬਹੁਜਨ ਮੁਕਤੀ ਪਾਰਟੀ ਵੱਲੋਂ ਸਮਾਰਟ ਮੀਟਰਾਂ ਖ਼ਿਲਾਫ਼ ਰੋਸ ਪ੍ਰਦਰਸ਼ਨ

**ਸ੍ਰੀ ਮੁਕਤਸਰ ਸਾਹਿਬ, ਮਲੋਟ (ਸ਼ਮਿੰਦਰਪਾਲ ਸਿੰਘ)**



ਬਹੁਜਨ ਮੁਕਤੀ ਪਾਰਟੀ ਵੱਲੋਂ ਦੇਸ਼ ਅੰਦਰ ਕੇਂਦਰ ਦੀ ਆਰ ਐਸ ਐਸ-ਭਾਜਪਾ ਸਰਕਾਰ ਵਿਰੁੱਧ ਤਿੰਨ ਚਰਨਾਂ ਦੇ ਲੜੀਵਾਰ ਰਾਸ਼ਟਰ ਵਿਆਪੀ ਅੰਦੋਲਨ ਦੀ ਘੋਸ਼ਣਾ ਕੀਤੀ ਗਈ ਹੈ। ਇਸੇ ਲੜੀ ਤਹਿਤ ਪਹਿਲੇ ਚਰਨ ਦਾ ਅੰਦੋਲਨ ਮੰਗਲਵਾਰ ਨੂੰ ਤਹਿਸੀਲ ਮਲੋਟ ਵਿਖੇ ਬਹੁਜਨ ਮੁਕਤੀ ਪਾਰਟੀ, ਰਾਸ਼ਟਰੀ ਕ੍ਰਿਸਚਨ ਮੋਰਚਾ ਅਤੇ ਭਾਰਤ ਮੁਕਤੀ ਮੋਰਚਾ ਦੇ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਦੌਰਾਨ ਆਗੂਆਂ ਵੱਲੋਂ ਰਾਸ਼ਟਰਪਤੀ ਦੇ ਨਾਂ ਤਹਿਸੀਲਦਾਰ ਰਾਹੀਂ ਮੰਗ ਪੱਤਰ ਸੌਂਪਿਆ ਗਿਆ ਅਤੇ ਪ੍ਰਤੀਕ ਵਜੋਂ ਲਾਲਟੇਨ ਭੇਟ ਕੀਤੀ ਗਈ। ਆਗੂਆਂ ਨੇ ਦੋਸ਼ ਲਗਾਇਆ ਕਿ ਦੇਸ਼ ਅੰਦਰ ਘਰਾਂ ਵਿੱਚ ਲਗਾਏ ਜਾ ਰਹੇ ਸਮਾਰਟ ਮੀਟਰਾਂ ਕਾਰਨ ਖਪਤਕਾਰਾਂ ਨੂੰ ਬੇਹੱਦ ਵੱਧ ਬਿਜਲੀ ਬਿੱਲ ਭੇਜੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਈ ਮਾਮਲਿਆਂ ਵਿੱਚ ਬਿਨਾਂ ਬਿਜਲੀ ਸਪਲਾਈ ਤੋਂ ਵੀ ਖਪਤਕਾਰਾਂ ਦੇ ਬਿੱਲ ਬਣ ਰਹੇ ਹਨ, ਜਿਸ ਨਾਲ ਲੋਕਾਂ ਦੀ ਆਰਥਿਕ ਲੁੱਟ ਹੋ ਰਹੀ ਹੈ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਸਮਾਰਟ ਮੀਟਰਾਂ ਨੂੰ ਤੁਰੰਤ ਬੰਦ ਕੀਤਾ ਜਾਵੇ ਅਤੇ ਗਲਤ ਢੰਗ ਨਾਲ ਵਸੂਲ ਕੀਤੇ ਬਿਜਲੀ ਬਿੱਲ ਲੋਕਾਂ ਨੂੰ ਵਾਪਸ ਕੀਤੇ ਜਾਣ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸਮਾਰਟ ਮੀਟਰਾਂ ਨੂੰ ਮਨਜ਼ੂਰੀ ਦੇਣ ਵਾਲੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਆਗੂਆਂ ਨੇ ਕੇਂਦਰ ਸਰਕਾਰ 'ਤੇ ਬਿਜਲੀ ਵਿਭਾਗ ਦੇ ਨਿੱਜੀਕਰਨ ਦੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਬਿਜਲੀ ਵਿਭਾਗ ਨੂੰ ਮੁੜ ਸਰਕਾਰੀ ਅਧੀਨ ਕੀਤਾ ਜਾਵੇ। ਇਸ ਮੌਕੇ ਪ੍ਰੀਤਮ ਸਿੰਘ ਪ੍ਰਧਾਨ ਬਹੁਜਨ ਮੁਕਤੀ ਪਾਰਟੀ ਸ੍ਰੀ ਮੁਕਤਸਰ ਸਾਹਿਬ, ਡਾ. ਨਵਤੇਜ ਸਿੰਘ ਪ੍ਰਧਾਨ ਭਾਰਤ ਮੁਕਤੀ ਮੋਰਚਾ ਸ੍ਰੀ ਮੁਕਤਸਰ ਸਾਹਿਬ, ਨਿਰਵੈਰ ਸਿੰਘ ਜਨਰਲ ਸਕੱਤਰ ਭਾਰਤ ਮੁਕਤੀ ਮੋਰਚਾ, ਸਵਰਨਜੀਤ ਕੁਮਾਰ ਸਟੇਟ ਪ੍ਰਧਾਨ ਰਾਸ਼ਟਰੀ ਕ੍ਰਿਸਚਨ ਮੋਰਚਾ, ਸੁਰਿੰਦਰ ਕੁਮਾਰ, ਸੁਪਰਡੈਂਟ ਜਸਵੰਤ ਸਿੰਘ ਅਤੇ ਪਿੰਡ ਜੰਡਵਾਲਾ, ਸਹਿਣਾਖੇੜਾ ਅਤੇ ਗਿੱਦੜਬਾਹਾ ਤੋਂ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।

# ਡੀ ਸੀ ਦਾ ਪੰਜਾਬ ਪ੍ਰਦੇਸ਼ ਵਪਾਰ ਮੰਡਲ ਵੱਲੋਂ ਸਨਮਾਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਚੇਅਰਮੈਨ ਸੰਦੀਪ ਜੈਨ ਤੇ ਉਪ ਚੇਅਰਮੈਨ ਸੁਰੇਸ਼ ਬਾਂਸਲ ਵੱਲੋਂ ਜ਼ਿਲ੍ਹਾ ਸੰਗਰੂਰ ਦੀ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਇਸ ਮੌਕੇ ਵਪਾਰ ਮੰਡਲ ਦੇ ਆਗੂਆਂ ਨੇ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਦੇ ਪ੍ਰਸ਼ਾਸਕੀ ਕੰਮਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ, ਲੋਕ ਹਿਤ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਤੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ।ਚੇਅਰਮੈਨ ਸੰਦੀਪ ਜੈਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਪਾਰੀਆਂ ਨਾਲ ਸਹਿਯੋਗਾਤਮਕ ਰਵੱਈਆ ਅਪਣਾਇਆ ਜਾ ਰਿਹਾ ਹੈ, ਜਿਸ ਨਾਲ ਵਪਾਰਕ ਮਾਹੌਲ ਨੂੰ ਮਜ਼ਬੂਤੀ ਮਿਲ ਰਹੀ ਹੈ।ਉਪ ਚੇਅਰਮੈਨ ਸੁਰੇਸ਼ ਬਾਂਸਲ ਨੇ ਵੀ ਡਿਪਟੀ ਕਮਿਸ਼ਨਰ ਦੀ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਤੇ ਵਪਾਰੀ ਵਰਗ ਦੇ ਆਪਸੀ ਸਹਿਯੋਗ ਨਾਲ ਹੀ ਜ਼ਿਲ੍ਹੇ ਦੇ ਵਿਕਾਸ ਨੂੰ ਹੋਰ ਗਤੀ ਮਿਲ ਸਕਦੀ ਹੈ।ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਪੰਜਾਬ ਪ੍ਰਦੇਸ਼ ਵਪਾਰ ਮੰਡਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਜ਼ਿਲ੍ਹੇ ਦੇ ਸਰਬਪੱਖੀ ਵਿਕਾਸ ਤੇ ਲੋਕ ਭਲਾਈ ਲਈ ਪ੍ਰਸ਼ਾਸਨ ਹਮੇਸ਼ਾ ਵਚਨਬੱਧ ਰਹੇਗਾ।

# ਸਾਂਝਾ ਫਰੰਟ ਵੱਲੋਂ ਜਲੰਧਰ 'ਚ ਸੂਬਾਈ ਕਨਵੈਨਸ਼ਨ 17 ਨੂੰ

**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680, ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾਈ ਆਗੂ ਦਰਸ਼ਨ ਸਿੰਘ ਲੁਬਾਣਾ ਚੇਅਰਮੈਨ, ਚਰਨ ਸਿੰਘ ਸਰਾਭਾ ਸਰਪ੍ਰਸਤ, ਰਣਜੀਤ ਸਿੰਘ ਰਾਣਵਾਂ ਸੂਬਾ ਪ੍ਰਧਾਨ, ਸੁਰਿੰਦਰ ਕੁਮਾਰ ਪੁਆਰੀ ਜਨਰਲ ਸਕੱਤਰ, ਜਗਦੀਸ ਸਿੰਘ ਚਾਹਲ ਮੁੱਖ ਜਥੇਬੰਦਕ ਸਕੱਤਰ, ਗੁਰਮੇਲ ਸਿੰਘ ਮੈਲਡੇ ਤੇ ਗੁਰਪ੍ਰੀਤ ਸਿੰਘ ਮੰਗਵਾਲ ਸੀਨੀਅਰ ਮੀਤ ਪ੍ਰਧਾਨ, ਪ੍ਰੇਮ ਚਾਵਲਾ ਤੇ ਕਰਤਾਰ ਸਿੰਘ ਪਾਲ ਐਡੀਸ਼ਨਲ ਜਨਰਲ ਸਕੱਤਰ, ਮੇਲਾ ਸਿੰਘ ਪੁੰਨਾਂਵਾਲ, ਅਮਰਜੀਤ ਕੌਰ ਰਣ ਸਿੰਘ ਵਾਲਾ, ਸਰੋਜ ਛਪੜੀਵਾਲਾ, ਜਸਵਿੰਦਰ ਪਾਲ ਉੱਘੀ, ਸਾਰੇ ਵਾਈਸ ਪ੍ਰਧਾਨ, ਮਨਜੀਤ ਸਿੰਘ ਗਿੱਲ ਵਿੱਤ ਸਕੱਤਰ ਪੰਜਾਬ, ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ, ਗੁਰਜੰਟ ਸਿੰਘ ਕੋਕਰੀ ਤੇ ਰਣਦੀਪ ਸਿੰਘ ਫਤਿਹਗੜ੍ਹ ਸਾਹਿਬ ਨੇ ਦੱਸਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ 17 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾ ਰਹੀ ਸੂਬਾਈ ਕਨਵੈਨਸ਼ਨ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਆਗੂਆਂ ਨੇ ਦੱਸਿਆ ਕਿ ਇਸ ਤੋਂ ਇਲਾਵਾ 19 ਮਈ ਨੂੰ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਵੱਲੋਂ ਲੇਬਰ ਭਵਨ ਮੋਹਾਲੀ ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਲਈ ਵੀ ਤਿਆਰੀਆਂ ਜੰਗੀ ਪੱਧਰ 'ਤੇ ਜਾਰੀ ਹਨ।

# ਡਿਜੀਟਲ ਲਾਈਵ ਸਰਟੀਫਿਕੇਟ ਅੱਪਡੇਟ ਨਾ ਹੋਣ ਦਾ ਬਹਾਨਾ ਲਾ ਕੇ ਪੈਨਸ਼ਨਾਂ ਰੋਕਣੀਆਂ ਨਿੰਦਣਯੋਗ : ਜਵੰਧਾ



**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਧੂਰੀ ਦੀ ਮੀਟਿੰਗ ਜੈ ਦੇਵ ਸ਼ਰਮਾ, ਕੁਲਵੰਤ ਸਿੰਘ ਵਰਨ, ਹਰਦੇਵ ਸਿੰਘ ਜਵੰਧਾ, ਹਰਿੰਦਰ ਸਿੰਘ ਪਲਾਸੌਰ, ਜਗਤਾਰ ਸਿੰਘ ਹਸਨਪੁਰ, ਕਰਮ ਸਿੰਘ ਮਾਨ, ਸੁਖਦੇਵ ਸਿੰਘ ਖੰਗੂੜਾ ਤੇ ਹਰਚਰਨ ਸਿੰਘ ਲਹਿਰੀ ਦੀ ਅਗਵਾਈ ਵਿੱਚ ਹੋਈ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਸੂਬਾਈ ਆਗੂ ਹਰਦੇਵ ਸਿੰਘ ਸਿੰਘ ਜਵੰਧਾ ਨੇ ਦੱਸਿਆ ਕਿ ਪੈਨਸ਼ਨਾਂ ਨੂੰ ਪੈਨਸ਼ਨ ਪੋਰਟਲ ਰਾਹੀਂ ਲਾਈਵ ਸਾਰਟੀਫਿਕੇਟ ਅੱਪਲੋਡ ਨਾ ਹੋਣ ਕਰਕੇ, ਰੋਕ ਕੇ ਖੱਜਲ ਖੁਆਰ ਕਰਨਾ ਅਤੀ ਨਿੰਦਣਯੋਗ ਹੈ, ਜਿਸ ਖ਼ਿਲਾਫ਼ ਪੈਨਸ਼ਨਰਾਂ 'ਚ ਭਾਰੀ ਵਿਰੋਧ ਤੇ ਗੁੱਸਾ ਹੈ।ਉਨਾਂ ਦੱਸਿਆ ਕਿ ਪੈਨਸ਼ਨਰਜ਼ ਜੁਆਇੰਟ ਫਰੰਟ ਵੱਲੋਂ ਡਿਪਟੀ ਡਾਇਰੈਕਟਰ ਸੁਨੀਲ ਸੱਚਦੇਵਾ ਪੈਨਸ਼ਨ ਵੰਡ ਤੇ ਖਜ਼ਾਨਾ ਨੂੰ ਇਸ ਸਬੰਧੀ ਮਾਸ ਡੈਪੂਟੇਸ਼ਨ 8 ਮਈ ਨੂੰ ਮਿਲ ਕੇ ਪੋਰਟਲ 'ਤੇ ਆ ਰਹੀਆਂ ਪੈਨਸ਼ਨ ਵੰਡ ਸਬੰਧੀ ਸਮੱਸਿਆਵਾਂ 'ਤੇ ਆਪਣਾ ਪੱਖ ਰੱਖਿਆ ਤੇ ਪੈਨਸ਼ਨ ਪੋਰਟਲ ਰੱਦ ਕਰਨ ਤੇ ਪਹਿਲਾਂ ਵਾਂਗ ਹੀ ਮੈਨੂਅਲ ਪ੍ਰਕਿਰਿਆ ਜਾਰੀ ਰੱਖਣ ਦੀ ਮੰਗ ਕੀਤੀ।ਮੀਟਿੰਗ 'ਚ ਜਨਰਲ ਸਕੱਤਰ ਜਸਵਿੰਦਰ ਸਿੰਘ ਮੂਲੋਵਾਲ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਸਦੀਵੀ ਵਿਛੋੜਾ ਦੇ ਗਏ ਜਥੇਬੰਦੀ ਦੇ ਸੀਨੀਅਰ ਆਗੂ ਸਾਧੂ ਸਿੰਘ ਮੀਰਹੇੜੀ ਨੂੰ ਸ਼ਰਧਾਂਜਲੀ ਭੇਟ ਕੀਤੀ।ਮੀਟਿੰਗ ਵਿੱਚ ਹਰਬੰਸ ਸਿੰਘ ਸੋਢੀ, ਬਚਿੱਤਰ ਸਿੰਘ ਸ਼ੇਰਪੁਰ, ਬੁੱਧ ਸਿੰਘ, ਅਵਤਾਰ ਸਿੰਘ ਔਲਖ, ਰਣਜੀਤ ਸਿੰਘ, ਰਾਮ ਲਾਲ, ਚਿਰੰਜੀ ਲਾਲ, ਜੰਗ ਸਿੰਘ ਬਾਦਸ਼ਾਹਪੁਰ, ਸੋਮ ਨਾਥ, ਰਾਮ ਗੋਪਾਲ, ਭਰਪੂਰ ਸਿੰਘ, ਦਿਆਲ ਸਿੰਘ ਧੂਰਾ, ਗਿਰਧਾਰੀ ਲਾਲ, ਨਿਰਭੈ ਸਿੰਘ ਹੇੜੀਕੇ, ਅਜੈਬ ਸਿੰਘ ਹਾਜ਼ਰ ਸਨ।


**FEDBANK FINANCIAL SERVICES LTD.**
Registered Office: Unit No. 1101, 11th Floor, Cignus, Plot No. 71 A, Powai, Paspoli, Mumbai – 400087

**ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਫੈੱਡਬੈਂਕ ਫਾਇਨਾਂਸ਼ੀਅਲ ਸਰਵਿਸਿਜ਼ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ, ਗਹਿਣਕਾਰ, ਸਹਿ-ਕਰਜ਼ਦਾਰ ਅਤੇ ਗਰੰਟਰਾਂ (1) ਪਰਮਿੰਦਰ ਕੌਰ (ਕਰਜ਼ਦਾਰ) (2) ਸ਼ਰਨਬੀਰ ਸਿਸੰਘ (ਸਹਿ-ਕਰਜ਼ਦਾਰ) (3) ਕੁਲਦੀਪ ਕੌਰ (ਸਹਿ-ਕਰਜ਼ਦਾਰ) (4) ਕੈਪਟਨ ਮੋਬਾਇਲ ਰਿਪੇਅਰ (ਸਹਿ-ਕਰਜ਼ਦਾਰ) ਨੂੰ ਮਿਤੀ 5/2/2026 ਨੂੰ ਨੋਟਿਸ 'ਚ ਦਰਸਾਈ ਕਰਜ਼ਾ ਖਾਤਾ ਨੰ. ਐੱਫ ਈ ਡੀ ਸੀ ਐੱਚ ਜੀ ਐੱਲ ਏ ਪੀ 0497613 'ਚ ਰਕਮ ਰੁਪਏ 23,89,684/- (ਤੇਈ ਲੱਖ ਉਨਾਨਵੇਂ ਹਜ਼ਾਰ ਛੇ ਸੌ ਚੁਰਾਸੀ ਰੁਪਏ ਕੇਵਲ) ਸਮੇਤ ਠੇਕਾ ਦਰ 'ਤੇ ਇਸ 'ਤੇ ਹੋਰ ਵਿਆਜ ਜਮ੍ਹਾਂ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਅਚਨਚੇਤੀ ਖਰਚੇ ਆਦਿ ਉਕਤ ਡਿਮਾਂਡ ਨੋਟਿਸ ਦੀ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ 05/02/2026 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।
ਕਰਜ਼ਦਾਰ, ਗਹਿਣਕਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਉਕਤ ਰਕਮ ਦੀ ਮਿੱਥੇ ਸਮੇਂ 'ਚ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰ, ਗਹਿਣਕਾਰ, ਸਹਿ-ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਅਧਿਕਾਰਤ ਅਫਸਰ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 13 ਮਈ 2026 ਨੂੰ ਸੰਕੇਤਕ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ, ਗਹਿਣਕਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ ਫੈਡਬੈਂਕ ਫਾਇਨਾਂਸ਼ੀਅਲ ਸਰਵਿਸਿਜ਼ ਲਿਮਟਿਡ ਨੂੰ ਕਰਜ਼ਾ ਖਾਤਾ ਨੰ. ਐੱਫ ਈ ਡੀ ਸੀ ਐੱਚ ਜੀ ਐੱਲ ਏ ਪੀ 0497613 'ਚ ਰਕਮ ਰੁਪਏ 23,89,684/- (ਤੇਈ ਲੱਖ ਉਨਾਨਵੇਂ ਹਜ਼ਾਰ ਛੇ ਸੌ ਚੁਰਾਸੀ ਰੁਪਏ ਕੇਵਲ) ਸਮੇਤ 5/02/2026 ਨੂੰ ਇਸ 'ਤੇ ਠੇਕਾ ਦਰ ਨਾਲ ਹੋਰ ਵਿਆਜ ਜਮ੍ਹਾਂ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਅਚਨਚੇਤੀ ਖਰਚੇ ਦੇਣਦਾਰੀ ਦਾ ਵਿਸ਼ਾ ਹੋਵੇਗਾ।
ਕਰਜ਼ਦਾਰ ਦਾ ਧਿਆਨ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਦੇ ਸੰਬੰਧ 'ਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਦਿਵਾਇਆ ਜਾਂਦਾ ਹੈ।

**ਅਨੁਸੂਚੀ-I**
**ਰਹਿਣ ਕੀਤੀ ਜਾਇਦਾਦ ਦਾ ਵੇਰਵਾ**

ਰਹਿਣ ਕੀਤੀ ਜਾਇਦਾਦ 8/265 ਹਿੱਸਾ ਜ਼ਮੀਨ ਰਕਬਾ 6-20/30 ਮਰਲਾ (200 ਵਰਗ ਗਜ਼) ਖੇਵਟ ਖਤੌਨੀ ਨੰ. 747/1191, ਖਸਰਾ ਨੰ. 91/2 (2-17) 96/3/2 (8-2) ਕਿਤੇ 2 ਰਕਬਾ 10 ਕਨਾਲ 19 ਮਰਲੇ, ਹੱਦਬਸਤ ਨੰ. 51, ਪਟਿਆਲਾ, ਰਾਜਪੁਰਾ-140401 ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਖਾਲੀ ਪਲਾਟ, ਪੱਛਮ : ਵੇਚਣ ਵਾਲਾ ਹੱਦ ਬਾਹੀ 200 ਵਰਗ ਗਜ਼, ਉੱਤਰ : ਸੜਕ ਬਾਹੀ 30 ਫੁੱਟ, ਬਾਹੀ 40 ਫੁੱਟ, ਦੱਖਣ, ਵੇਚਣ ਵਾਲਾ ਹੱਦ ਬਾਹੀ 40 ਫੁੱਟ।

ਸਥਾਨ : ਪੰਜਾਬ
ਮਿਤੀ 13.05.2026

ਸਹੀ/-
ਅਧਿਕਾਰਤ ਅਫਸਰ,
ਫੈੱਡਬੈਂਕ ਫਾਇਨਾਂਸ਼ੀਅਲ ਸਰਵਿਸਿਜ਼ ਲਿਮਟਿਡ



**ਉੱਤਰ ਰੇਲਵੇ**

**ਅਧਿਸੂਚਨਾ**

ਨੰ. ਈ/ਰੀ-ਅੰਗੇਜਮੇਂਟ/ਜੇਈਟੀ/2026 — ਮਿਤੀ: 11/05/2026

**ਵਿਸ਼ਾ: ਸੇਵਾ ਸਬੰਧੀ ਜਰੂਰਤਾਂ ਦੀ ਵਜ੍ਹਾ ਨਾਲ ਜੰਮੂ ਮੰਡਲ ਵਿਚ ਪਰਿਚਾਲਨ, ਵਾਣਿਜਕ, ਕਾਰਮਿਕ ਅਤੇ ਜਨਰਲ ਪ੍ਰਸ਼ਾਸਨ ਵਿਭਾਗ ਵਿਚ ਰਿਟਾਇਰ ਰੇਲਵੇ ਕਰਮਚਾਰੀਆਂ ਦੀ ਮੁੜ: ਨਿਯੁਕਤੀ**

ਰੇਲਵੇ ਬੋਰਡ ਪੱਤਰ ਨੰ. ਈ(ਐਨਜੀ)।।/2024/ਆਰਸੀ-4/9 ਮਿਤੀ 15.10.2024 (ਆਰਬੀਈ ਨੰ. 96/2024) ਅਤੇ ਨੰ. ਈ(ਐਨਜੀ)।।/2024/ਆਰਸੀ-4/9 ਮਿਤੀ 20.06.2025 (ਆਰਬੀਈ ਨੰ. 55/2025) ਦੇ ਮਾਧਿਅਮ ਨਾਲ ਜਾਰੀ ਕੀਤੇ ਗਏ ਨਿਰਦੇਸ਼ਾਂ ਦੇ ਅਨੁਸਾਰ ਜੰਮੂ ਮੰਡਲ ਦੇ ਉਪਰੋਕਤ ਵਿਭਾਗਾਂ ਵਿਚ ਅਸਾਮੀਆਂ ਨੂੰ ਭਰਨ ਦੇ ਲਈ ਰਿਟਾਇਰ ਰੇਲਵੇ ਕਰਮਚਾਰੀਆਂ ਨੂੰ ਹੇਠਾਂ ਦਿਤੇ ਗਏ ਪਦਾਂ ਤੇ ਮੁੜ ਨਿਯੁਕਤੀ ਕਰਨ ਦਾ ਫੈਸਲਾ ਲਿਆ ਗਿਆ ਹੈ:

| ਲ.ਨੰ. | ਵਿਭਾਗ | ਅਹੁਦੇ ਦਾ ਨਾਮ/ਸ਼੍ਰੇਣੀ | ਲੇਵਲ | ਗ੍ਰੇਡ ਵੇਤਨ ਰੁ. | ਪਦਾਂ ਦੀ ਸੰਖਿਆ |
|---|---|---|---|---|---|
| 1 | ਪਰਿਚਾਲਨ | ਸਟੇਸ਼ਨ ਮਾਸਟਰ | 7 | 4600/- | 12 |
| 2 | ਵਾਣਿਜਕ | ਸੀਜੀਐਸ/ਸੀਬੀਐਸ/ਸੀਪੀਐਸ | 7 | 4600/- | 6 |
| | | ਸੀਸੀਸੀ (ਪਾਰਸਲ, ਮਾਲ, ਬੁਕਿੰਗ) | 6 | 4200/- | 3 |
| | | ਸੀਆਰਐਸ | 7 | 4600/- | 4 |
| | | ਆਰਐਸ-।। | 6 | 4200/- | 2 |
| | | ਟਿਕਟ ਚੇਕਿੰਗ | 7 | 4600/- | 20 |
| | | ਟਿਕਟ ਚੇਕਿੰਗ | 6 | 4200/- | 10 |
| | | ਓਐਸ (ਮਨਿਸਟੀਰੀਅਲ) | 6 | 4200/- | 2 |
| | | ਸੀਨੀਅਰ ਕਲਰਕ (ਮਨਿਸਟੀਰੀਅਲ) | 5 | 2800/- | 1 |
| 3 | ਕਾਰਮਿਕ ਅਤੇ ਜਨਰਲ ਪ੍ਰਸ਼ਾਸਨ | ਸੀਐਚ. ਓਐਸ | 7 | 4600/- | 4 |
| | | ਸੀਐਸਡਬਲਯੂਐਲਆਈ | 7 | 4600/- | 1 |
| | | ਸੀਐਲਏ | 7 | 4600/- | 2 |
| | | ਓਐਸ | 6 | 4200/- | 2 |
| | | ਸੀਨੀਅਰ ਕਲਰਕ | 5 | 2800/- | 2 |
| | | ਜੂਨੀਅਰ ਕਲਰਕ | 2 | 1900/- | 1 |
| | | ਜਨਰਲ ਅਸਿਸਟੇਂਟ | 1 | 1800/- | 8 |

**ਨਿਯਮ ਅਤੇ ਸ਼ਰਤਾਂ**

**ਕ. ਯੋਗਤਾ ਮਾਨਦੰਡ**

- ਉਮਰ ਸੀਮਾ: ਇਛੁਕ ਰਿਟਾਇਰਮੇਂਟ ਕਰਮਚਾਰੀਆਂ ਦੀ ਉਮਰ ਅਧਿਸੂਚਨਾ ਦੀ ਅੰਤਮ ਮਿਤੀ ਨੂੰ ਵਧ ਤੋਂ ਵਧ 64 ਸਾਲ ਅਤੇ 6 ਮਹੀਨੇ ਹੋਣੀ ਚਾਹੀਦੀ। ਮੁੜ ਨਿਯੁਕਤੀ ਕੇਵਲ 65 ਸਾਲ ਦੀ ਉਮਰ ਤਕ ਹੀ ਵੈਲਿਡ ਹੈ।
- **ਐਲਏਆਰਐਸਜੀਈਐਸਐਸ:** ਰਿਟਾਇਰ ਕਰਮਚਾਰੀ ਐਲਏਆਰਐਸਜੀਈਐਸਐਸ ਸਕੀਮ ਦੇ ਤਹਿਤ ਰਿਟਾਇਰ ਨਹੀਂ ਹੋਏ ਹੋਣੇ ਚਾਹੀਦੇ।
- **ਤਨਖਾਹ ਲੇਵਲ:** ਉਪਰ ਦਿਤੇ ਗਏ ਅਹੁਦੇ ਰਿਟਾਇਰਮੇਂਟ ਕਰਮਚਾਰੀਆਂ ਦੀ ਮੁੜ ਨਿਯੁਕਤੀ ਨਾਲ ਭਰੇ ਜਾਣਗੇ। ਇਸ ਦੇ ਲਈ ਉਨ੍ਹਾਂ ਬਿਨੈਕਾਰਾਂ ਨੂੰ ਬੁਲਾਇਆ ਜਾਵੇਗਾ ਜੋ ਉਸੇ ਕੈਡਰ/ਸ਼੍ਰੇਣੀ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ, ਜੋ ਉਸ ਅਹੁਦੇ ਤੋਂ ਤਿੰਨ ਲੇਵਲ ਉਪਰ ਹਨ ਜਿਨ੍ਹਾਂ ਦੇ ਲਈ ਮੁੜ ਨਿਯੁਕਤੀ ਤੇ ਵਿਚਾਰ ਕੀਤਾ ਜਾ ਰਿਹਾ ਹੈ, ਇਸ ਸ਼ਰਤ ਦੇ ਨਾਲ ਕਿ ਉਸੇ ਤਨਖਾਹ ਲੇਵਲ ਤੋਂ ਰਿਟਾਇਰ ਹੋਏ ਅਤੇ ਸਹੀ ਪਾਏ ਗਏ ਬਿਨੈਕਾਰਾਂ ਨੂੰ ਵਧ ਤਨਖਾਹ ਲੇਵਲ ਤੋਂ ਰਿਟਾਇਰਮੇਂਟ ਹੋਏ ਲੋਕਾਂ ਤੇ ਪਹਿਲ ਦਿਤੀ ਜਾਵੇਗੀ।
- **ਸੇਵਾ ਸਮਾਪਤੀ:** ਮੁੜ ਨਿਯੁਕਤ ਕੀਤੇ ਗਏ ਸਟਾਫ ਨੂੰ ਆਰਆਰਬੀ ਪੈਨਲ ਨਾਲ ਚੁਣੇ ਗਏ ਉਮੀਦਵਾਰਾਂ ਦੇ ਕੰਮ ਸੰਭਾਲਣ ਤੇ ਤੁਰੰਤ ਹਟਾ ਦਿਤਾ ਜਾਵੇਗਾ ਜੋ ਆਪਣੇ ਟਰੇਨਿੰਗ ਦੇ ਬਾਅਦ ਰੈਗੂਲਰ ਨਿਯੁਕਤੀ ਦੇ ਲਈ ਉਪਲਬਧ ਹਨ। ਜੇਕਰ ਕਿਸੇ ਨਿਯਮਿਤ ਕਰਮਚਾਰੀ ਨੂੰ ਕੈਡਰ ਵਿਚ ਨਿਯੁਕਤੀ ਕੀਤਾ ਜਾਂਦਾ ਹੈ ਜਾਂ ਅਸਾਮੀਆਂ ਵਿਚ ਕਮੀ ਕੀਤੀ ਜਾਂਦੀ ਹੈ, ਤਾਂ ਸਭ ਤੋਂ ਜੂਨੀਅਰ ਰਿਟਾਇਰ ਕਰਮਚਾਰੀ (ਆਂ) (ਮੇਰਿਟ ਲਿਸਟ ਦੇ ਆਧਾਰ ਉਤੇ) ਦੀ ਮੁੜ: ਨਿਯੁਕਤੀ ਤੁਰੰਤ ਸਮਾਪਤ ਕਰ ਦਿਤੀ ਜਾਵੇਗੀ।

**ਖ. ਮੁੜ ਨਿਯੁਕਤੀ ਦਾ ਸਮਾਂ:**

- ਇਹ ਸਕੀਮ ਨਿਰਦੇਸ਼ ਜਾਰੀ ਹੋਣ ਦੀ ਮਿਤੀ ਤੋਂ 2 ਸਾਲ ਦੇ ਸ਼ੁਰੂਆਤੀ ਸਮੇਂ ਤਕ ਜਾਂ ਅਗਲੇ ਆਦੇਸ਼ ਤਕ, ਜੋ ਵੀ ਪਹਿਲਾਂ ਹੋਵੇ, ਲਾਗੂ ਰਹੇਗੀ।
- ਕਿਸੇ ਵਿਅਕਤੀ ਦੇ ਲਈ ਨਿਯੁਕਤੀ ਦਾ ਸਮਾਂ ਇਕ ਸਾਲ ਜਾਂ ਅਗਲੇ ਆਦੇਸ਼ ਤਕ, ਜੋ ਵੀ ਪਹਿਲਾਂ ਹੋਵੇ, ਹੋਵੇਗੀ। ਸੰਤੋਸ਼ਜਨਕ ਕੰਮ ਪ੍ਰਦਰਸ਼ਨ ਦੇ ਆਧਾਰ ਉਤੇ ਕੰਮ ਸਮਾਂ ਇਕ ਸਾਲ (54 ਸਾਲ ਦੀ ਉਮਰ ਤਕ) ਵਧਾਇਆ ਜਾ ਸਕਦਾ ਹੈ।
- ਪ੍ਰਸ਼ਾਸਨ ਨੂੰ ਮੁੜ ਨਿਯੁਕਤ ਕਰਮਚਾਰੀਆਂ ਦੀਆਂ ਸੇਵਾਵਾਂ ਕੰਮ ਸਮਾਂ ਪੂਰਾ ਹੋਣ ਤੋਂ ਪਹਿਲਾਂ ਇਕ ਮਹੀਨੇ ਦਾ ਨੋਟਿਸ ਦੇ ਕੇ ਖਤਮ ਕਰਨ ਦਾ ਅਧਿਕਾਰ ਹੈ।
- ਮੁੜ: ਨਿਯੁਕਤੀ ਵਾਲੇ ਕਰਮਚਾਰੀਆਂ ਨੂੰ ਜਰੂਰਤ ਦੇ ਆਧਾਰ ਉਤੇ ਜੰਮੂ ਮੰਡਲ ਦੇ ਕਿਸੇ ਵੀ ਸਟੇਸ਼ਨ ਤੇ ਤੈਨਾਤ ਕੀਤਾ ਜਾ ਸਕਦਾ ਹੈ।

**ਗ. ਯੋਗਤਾ ਮਾਪਦੰਡ**

- ਦਰਖਾਸਤ ਸੀਨੀਅਰ ਮੰਡਲ ਕਾਰਮਿਕ ਅਧਿਕਾਰੀ, ਜੰਮੂ ਮੰਡਲ, ਉਤਰ ਰੇਲਵੇ ਨੂੰ ਜਾਂ ਤਾਂ ਵਿਅਕਤੀਗਤ ਰੂਪ ਨਾਲ ਸੀਐਚ/ਓਐਸ ਕਾਰਮਿਕ ਬ੍ਰਾਂਚ, **ਮੰਡਲ ਰੇਲ ਪ੍ਰਬੰਧਕ ਦਫਤਰ, ਅਨੇਕਸੀ ਬਿਲਡਿੰਗ, ਤ੍ਰਿਕੁਟਾ ਨਗਰ, ਜੰਮੂ-180020** ਵਿਚ ਜਮ੍ਹਾ ਕਰਨ, ਜਾਂ ਉਪਰ ਦਿਤੇ ਗਏ ਪਤੇ ਤੇ ਰਜਿਸਟਰਡ ਡਾਕਕ ਨਾਲ ਜਾਂ srdpojat@gmail.com 'ਤੇ ਈ-ਮੇਲ ਨਾਲ ਭੇਜਣ।
- ਦਰਖਾਸਤ ਦੇ ਨਾਲ ਪੀਪੀਓ (7ਵੇਂ ਸੀਪੀਸੀ) ਦੀ ਇਕ ਫੋਟੋ ਕਾਪੀ ਅਤੇ ਬੈਂਕ ਪਾਸਬੁਕ/ ਕੈਂਸਲ ਚੈਕ ਦਾ ਪਹਿਲਾ ਪੇਜ ਨਥੀ ਕਰਨਾ ਹੋਵੇਗਾ।
- ਲੋੜੀਂਦੇ ਅਹੁਦੇ ਦੇ ਲਈ ਰੇਲਵੇ ਡਾਕਟਰ ਦੁਆਰਾ ਜਾਰੀ ਕੀਤਾ ਗਿਆ ਮੇਡੀਕਲ ਫਿਟਨੇਸ ਸਰਟੀਫਿਕੇਟ ਹੋਣਾ ਜਰੂਰੀ ਹੈ।
- ਜਮ੍ਹਾ ਕਰਨ ਦੀ ਅੰਤਮ ਮਿਤੀ **11.06.2026** ਹੈ। ਇਸ ਮਿਤੀ ਦੇ ਬਾਅਦ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
- ਮਾਸਿਕ ਮਿਹਨਤਾਨਾ ਰਿਟਾਇਰਮੇਂਟ ਦੇ ਸਮੇਂ ਲਈ ਗਏ ਅੰਤਮ ਮੂਲ ਵੇਤਨ ਵਿਚ ਮੂਲ ਪੇਂਸ਼ਨ ਨੂੰ ਕੱਟ ਕੇ ਤੈਅ ਕੀਤਾ ਜਾਵੇਗਾ।
- ਦਰਖਾਸਤ ਸਿਰਫ ਅਨੁਬੰਧ-ਏ ਵਿਚ ਦਿਤੇ ਗਏ ਤੈਅ ਫਾਰਮੈਟ ਵਿਚ ਹੀ ਜਮ੍ਹਾ ਕਰਨੇ ਹੋਣਗੇ।

**ਘ. ਅਨੁਕੂਲਤਾ ਅਤੇ ਯੋਗਤਾ**

- ਇਕ ਨਾਮਿਤ ਸਮਿਤੀ ਅਨੁਕੂਲਤਾ ਅਤੇ ਯੋਗਤਾ ਦੇ ਆਧਾਰ ਉਤੇ ਦਰਖਾਸਤ ਨੂੰ ਅੰਤਮ ਰੂਪ ਦੇਵੇਗੀ। ਕੋਈ ਲਿਖਿਤ ਪ੍ਰੀਖਿਆ ਨਹੀਂ ਹੋਵੇਗੀ।
- ਸਮਿਤੀ ਕਰਮਚਾਰੀ ਦੇ ਕੰਮ ਅਨੁਭਵ ਅਤੇ ਪਿਛਲੇ ਰਿਕਾਰਡ ਤੇ ਵਿਚਾਰ ਕਰੇਗੀ ਤਾਂ ਕਿ ਇਹ ਯਕੀਨੀ ਹੋ ਸਕੇ ਕਿ ਉਹ ਲੋੜੀਂਦੇ ਪ੍ਰਯੋਜਨ ਦੇ ਲਈ ਫਿਟ ਹੈ।
- ਮੁੜ ਨਿਯੁਕਤੀ ਦੇ ਲਈ ਪਿਛਲੇ 5 ਸਾਲ ਦੇ ਏਪੀਆਰ ਦਾ ਮੁਲਾਂਕਨ ਕੀਤਾ ਜਾਵੇਗਾ। ਸਿਰਫ ਉਨ੍ਹਾਂ ਉਮੀਦਵਾਰਾਂ ਤੇ ਚਿਰ ਕੀਤਾ ਜਾਵੇਗਾ ਜਿਨ੍ਹਾਂ ਦੀ ਸਾਰੇ 5 ਸਾਲਾਂ ਵਿਚ ਘੱਟ ਤੋਂ ਘੱਟ ``Good" ਗ੍ਰੇਡਿੰਗ ਹੋਵੇਗੀ।
- ਬਿਨੈਕਾਰ ਦੀ ਈਮਾਨਦਾਰੀ ਅਤੇ ਸੱਚੀ ਨਿਸ਼ਠਾ ਸਥਿਤੀ ਨੂੰ ਤਸਦੀਕ ਕੀਤਾ ਜਾਵੇਗਾ; ਬਿਨੈਕਾਰ ਤੇ ਕੋਈ ਵੀ ਡੀਐਂਡ ਏਆਰ ਜਾਂ ਵਿਜੀਲੈਂਸ ਨਾਲ ਜੁੜਿਆ ਮਾਮਲਾ ਜਾਰੀ ਨਹੀਂ ਹੋਣਾ ਚਾਹੀਦਾ।

**ਙ. ਮਿਹਨਤਾਨਾ ਅਤੇ ਲਾਭ**

ਮੁੜ ਨਿਯੁਕਤ ਕੀਤੇ ਗਏ ਰਿਟਾਇਰ ਕਰਮਚਾਰੀ ਦਾ ਮਿਹਨਤਾਨਾ, ਭੱਤੇ, ਅਤੇ ਛੁੱਟੀ, ਭਾਰਤ ਸਰਕਾਰ ਦੇ ਵਿਤ ਮੰਤਰਾਲੇ ਦੇ ਖਰਚ ਵਿਭਾਗ ਦੇ ਕ. ਗਾ. ਨੰ. ਐਫ ਨੰ. 3-35/2020-ਈ.।।।ਏ ਮਿਤੀ 09.12.2020 ਦੇ ਅਨੁਸਾਰ ਹੋਵੇਗਾ, ਜੋ ਇਸ ਤਰ੍ਹਾਂ ਹੈ:

- ਕਾਂਟਰੈਕਟ ਦੇ ਸਮੇਂ ਦੇ ਦੌਰਾਨ ਮਿਹਨਤਾਨਾ ਦੇ ਤੌਰ ਤੇ ਇਕ ਤੈਅ ਮਾਸਿਕ ਧਨ ਰਾਸ਼ੀ ਮਿਲੇਗੀ, ਜੋ ਰਿਟਾਇਰਮੇਂਟ ਦੇ ਸਮੇਂ ਮਿਲੀ ਤਨਖਾਹ ਵਿਚੋਂ ਮੂਲ ਪੇਂਸ਼ਨ ਕਟ ਕੇ ਤੈਅ ਕੀਤੀ ਜਾਵੇਗੀ। ਇਸ ਤਰ੍ਹਾਂ ਤੈਅ ਕੀਤੇ ਗਏ ਮਿਹਨਤਾਨੇ ਦੀ ਧਨਰਾਸ਼ੀ ਕਾਂਟਰੈਕਟ ਦੇ ਪੂਰੇ ਸਮੇਂ ਤਕ ਉਹੀ ਰਹੇਗੀ।
- ਕਾਂਟਰੈਕਟ ਦੇ ਪੂਰੇ ਸਮੇਂ ਕੋਈ ਤਨਖਾਹ ਵਾਧਾ, ਮਹਿੰਗਾਈ ਭੱਤਾ ਅਤੇ ਐਚਆਰਏ ਪ੍ਰਦਾਨ ਨਹੀਂ ਕੀਤਾ ਜਾਵੇਗਾ।
- ; ਘਰ ਅਤੇ ਕੰਮ ਦੀ ਜਗ੍ਹਾ ਦੇ ਵਿਚ ਆਉਣ-ਜਾਣ ਦੇ ਲਈ ਪਰਿਵਹਨ ਭੱਤੇ ਦੇ ਤੌਰ ਤੇ ਇਕ ਲੋੜੀਦੀ ਅਤੇ ਤੈਅ ਧਨਰਾਸ਼ੀ ਦਿਤੀ ਜਾਵੇਗੀ, ਜੋ ਰਿਟਾਇਰਮੇਂਟ ਦੇ ਸਮੇਂ ਨਿਯੁਕਤ ਕੀਤੇ ਗਏ ਵਿਅਕਤੀ ਤੇ ਲਾਗੂ ਦਰ ਤੋਂ ਜਿਆਦਾ ਨਹੀਂ ਹੋਵੇਗੀ। ਇਸ ਪ੍ਰਕਾਰ ਤੈਅ ਕੀਤੀ ਗਈ ਧਨ ਰਾਸ਼ੀ ਨਿਯੁਕਤੀ ਦੇ ਸਮੇਂ ਦੇ ਦੌਰਾਨ ਉਹੀ ਰਹੇਗੀ। ਹਾਲਾਂਕਿ, ਰਿਟਾਇਰਮੇਂਟ ਦੇ ਸਮੇਂ ਉਨ੍ਹਾਂ ਦੇ ਅਧਿਕਾਰ ਦੇ ਅਨੁਰੂਪ ਉਨ੍ਹਾਂ ਨੂੰ ਸਰਕਾਰੀ ਦੌਰੇ ਤੇ ਟੀਏ/ ਡੀਏ, ਜੇਕਰ ਕੋਈ ਹੋਵੇ, ਦਿਤਾ ਜਾ ਸਕਦਾ ਹੈ।
- ਸੇਵਾ ਦੇ ਹਰ ਪੂਰੇ ਮਹੀਨੇ ਦੇ ਲਈ 1.5 ਦਿਨ ਦੀ ਤਨਖਾਹ ਸਮੇਤ ਛੁਟੀ ਦਿਤੀ ਜਾ ਸਕਦੀ ਹੈ। ਇਕ ਕੈਲੰਡਰ ਸਾਲ ਤੋਂ ਜਿਆਦਾ ਛੁੱਟੀ ਜਮ੍ਹਾ ਕਰਨ ਦੀ ਇਜਾਜਤ ਨਹੀਂ ਦਿਤੀ ਜਾ ਸਕਦੀ।
- ਮੁੜ ਨਿਯੁਕਤ ਕੀਤੇ ਗਏ ਕਰਮਚਾਰੀਆਂ ਨੂੰ ਪ੍ਰਿੰਟ ਨੰਬਰ 15250/2019 ਦੇ ਨਿਰਦੇਸ਼ਾਂ ਦੇ ਅਨੁਸਾਰ ਭੁਗਤਾਨ ਕੀਤਾ ਜਾਏਗਾ।

(ਸਾਗਰ ਵਤਸ)
ਮੰਡਲ ਕਾਰਮਿਕ ਅਧਿਕਾਰੀ
ਵਾਸਤੇ ਡੀਆਰਐਮ(ਈ) ਜੰਮੂ

**ਅਨੁਬੰਧ-ਏ**
**ਮੁੜ ਨਿਯੁਕਤੀ ਦੇ ਲਈ ਅਰਜੀ ਫਾਰਮੈਟ**

| | | | |
|---|---|---|---|
| 1 | ਬਿਨੈਕਾਰ ਦਾ ਨਾਮ (ਵੱਡੇ-ਵੱਡੇ ਅੱਖਰਾਂ ਵਿਚ) | | ਕਰਮਚਾਰੀ ਦਾ ਤਸਦੀਕਸ਼ੁਦਾ ਪਾਸਪੋਰਟ ਸਾਈਜ ਫੋਟੋ, ਕ੍ਰਾਸ ਹਸਤਾਖਰ ਦੇ ਨਾਲ |
| 2 | ਪਿਤਾ/ਪਤੀ ਦਾ ਨਾਮ: | | |
| 3 | ਜਨਮ ਮਿਤੀ (ਮਿਤੀ-ਮਹੀਨਾ-ਸਾਲ): | | |
| 4 | ਪਦਨਾਮ/ਸਟੇਸ਼ਨ: | | |
| 5 | ਨਿਯੁਕਤੀ ਦੀ ਮਿਤੀ (ਮਿਤੀ-ਮਹੀਨਾ-ਸਾਲ): | | |
| 6 | ਸਮੁਦਾਏ: | | |
| 7 | ਗ੍ਰੇਡ ਵੇਤਨ ਦੇ ਨਾਲ ਪੇ ਬੈਂਡ (ਰਿਟਾਇਰਮੇਂਟ ਦੇ ਸਮੇਂ): | | |
| 8 | ਆਖਰੀ ਵੇਤਨ (ਅੰਤਮ ਪੇ ਸਲਿਪ ਦੇ ਨਾਲ): | | |
| 9 | ਰਿਟਾਇਰਮੇਂਟ ਦੀ ਮਿਤੀ (ਮਿਤੀ-ਮਹੀਨਾ-ਸਾਲ) | | |
| 10 | ਰਿਟਾਇਰਮੇਂਟ ਦਾ ਕਾਰਨ (ਅੱਧੇ ਸਾਲ/ਵੀਆਰ/ਆਦਿ): | | |
| 11 | ਯੂਨਿਟ/ਦਫਤਰ/ਰੇਲਵੇ ਜਿਥੋਂ ਰਿਟਾਇਰ ਹੋਏ: | | |
| 12 | ਪੀਪੀਓ ਨੰਬਰ (ਫੋਟੋਕਾਪੀ ਨਥੀ ਕਰੋ): | | |
| 13 | ਆਰਈਐਲਐਚਐਸ ਮੇਡਿਕਲ ਕਾਰਡ ਨੰਬਰ: | | |
| 14 | ਸਵੀਕ੍ਰਿਤ ਮੂਲ ਪੇਂਸ਼ਨ | | |
| 15 | 64 ਸਾਲ 06 ਮਹੀਨੇ ਹੋਣ ਦੀ ਮਿਤੀ: | | |
| 16 | ਵਿਦਿਅਕ ਯੋਗਤਾ: | | |
| 17 | ਅਵਾਰਡ ਜੇਕਰ ਕੋਈ ਹੋਵੇ(ਐਮਆਰ/ਜੀਐਮ/ਪੀਐਚਓਡੀ/ਡੀਆਰਐਮ): | | |
| 18 | ਡੀ ਐਂਡ ਏਆਰ ਵੇਰਵੇ (ਪਿਛਲੇ ਪੰਜ ਸਾਲ): | | |
| 19 | ਮੇਡਿਕਲ ਕੰਡੀਸ਼ਨ (ਪਿਛਲੀ ਅਤੇ ਵਰਤਮਾਨ) | | |
| 20 | ਬੈਂਕ ਦਾ ਵੇਰਵਾ (ਪੇਂਸ਼ਨ ਦੇ ਲਈ ਖਾਤਾ ਨੰਬਰ): | | |
| 21 | ਸੁਰੱਖਿਆ/ਦੁਰਘਟਨਾ ਵੇਰਵਾ (ਪਿਛਲੇ ਪੰਜ ਸਾਲ): | | |
| 22 | ਕਾਨੂੰਨੀ ਵੇਰਵਾ (ਗ੍ਰਿਫਤਾਰ/ਮੁਕਦਮਾ/ਵਗੈਰਾਂ): | | |
| 22ਏ | ਕੀ ਤੁਹਾਨੂੰ ਕਦੇ ਸਿਕੇ ਕੋਰਟ ਨੇ ਕਿਸੇ ਅਪਰਾਧ ਦੇ ਲਈ ਦੋਸ਼ੀ ਠਹਿਰਾਇਆ ਹੈ? | | |

(ਸਾਰੇ ਸਥਾਨ ਭਰੇ ਜਾਣਾ ਲੋੜੀਂਦਾ ਹੈ, ਜੇਕਰ ਕੋਈ ਸਥਾਨ ਨਹੀਂ ਭਰਿਆ ਗਿਆ, ਤਾਂ ਦਰਖਾਸਤ ਅਸਵੀਕਾਰ ਕੀਤੀ ਜਾ ਸਕਦੀ ਹੈ।)

ਐਲਾਨ:- ਹੇਠਾਂ ਦਸਤਖਤ ਕਰਨ ਵਾਲਾ ਪੂਰੀ ਈਮਾਨਦਾਰੀ ਨਾਲ ਪੁਸ਼ਟੀ ਕਰਦਾ/ਕਰਦੀ ਹੈ ਅਤੇ ਐਲਾਨ ਕਰਦਾ/ਕਰਦੀ ਹੈ ਕਿ ਉਪਰ ਦਿਤੇ ਗਏ ਵੇਰਵੇ ਸਹੀ ਅਤੇ ਸੱਚ ਹਨ ਕੋਈ ਵੀ ਗਲਤ ਅਤੇ ਗਲਤ ਵੇਰਵਾ / ਜਾਣਕਾਰੀ ਦੇ ਲਈ ਮੈਂ ਜਿੰਮੇਵਾਰ ਰਹਾਂਗਾ/ਰਹੂੰਗੀ ਅਤੇ ਕੋਈ ਵੀ ਗਲਤ ਵੇਰਵੇ ਦੇਣ ਤੇ ਮੇਰੀ ਨਿਯੁਕਤੀ ਸਮਾਪਤ ਕੀਤੀ ਜਾ ਸਕਦੀ ਹੈ।

1. ਮੈਂ ਰੇਲਵੇ ਬੋਰਡ ਪੱਤਰ ਵਿਚ ਦਸੇ ਗਏ ਨਿਯਮਾਂ ਅਤੇ ਸ਼ਰਤਾਂ ਦੇ ਤਹਿਤ ਮੁੜ ਨਿਯੁਕਤੀ ਦੇ ਲਈ ਤਿਆਰ ਹਾਂ, ਨਾਲ ਹੀ ਮੁੜ ਨਿਯੁਕਤੀ ਤੇ ਮਾਸਿਕ ਵੇਤਨ ਵੀ ਸਵੀਕਾਰ ਕਰਾਂਗਾ/ਕਰੂੰਗੀ।
2. ਮੈਨੂੰ ਪਤਾ ਹੈ ਕਿ ਅਸੰਤੋਸ਼ਜਨਕ ਕੰਮ ਦਾ ਪ੍ਰਦਰਸ਼ਨ ਜਾਂ ਆਰਆਰਬੀ/ਆਰਆਰਸੀ ਤੋਂ ਨਵਾਂ ਪੈਨਲ ਮਿਲਣ ਜਾਂ ਕਿਸੇ ਰੈਗੂਲਰ ਨਿਯੁਕਤੀ ਹੋਣ ਤੇ, ਬਿਨਾ ਕਿਸੇ ਨੋਟਿਸ ਦੇ ਮੇਰੀਆਂ ਸੇਵਾਵਾਂ ਕਦੇ ਵੀ ਖਤਮ ਕੀਤੀ ਜਾ ਸਕਦੀ ਹੈ।
3. ਮੈਂ ਇਸ ਦੇ ਨਾਲ ਆਪਣੇ ਸਰਵਿਸ ਸਰਟੀਫਿਕੇਟ ਅਤੇ ਪੀਪੀਓ ਦੀ ਇਕ ਫੋਟੋ ਕਾਪੀ ਨਥੀ ਕਰ ਰਿਹਾ/ਰਹੀ ਹਾਂ।
4. ਮੈਂ ਰੇਲਵੇ ਦੁਆਰਾ ਸਮੇਂ-ਸਮੇਂ ਤੇ ਜਾਰੀ ਕੀਤੇ ਗਏ ਮੁੜ ਨਿਯੁਕਤੀ ਦੇ ਸਾਰੇ ਨਿਯਮਾਂ ਅਤੇ ਸ਼ਰਤਾਂ ਨਾਲ ਸਹਿਮਤ ਹਾਂ।
5. ਮੁੜ ਨਿਯੁਕਤੀ ਬਿਨਾ ਕਿਸੇ ਨੋਟਿਸ ਜਾਂ ਬਿਨਾ ਕਿਸੇ ਸਪਸ਼ਟੀਕਰਨ ਜਾਂ ਕਾਰਨ ਦੇ ਸਮਾਪਤ ਕੀਤੀ ਜਾ ਸਕਦੀ ਹੈ।

ਬਿਨੈਕਾਰ ਦੇ ਦਸਤਖਤ ਅਤੇ ਅੰਗੂਠੇ ਦਾ ਨਿਸ਼ਾਨ
(ਰਿਟਾਇਰ ਕਰਮਚਾਰੀ ਦਾ ਨਾਮ)
ਮੋਬਾਈਲ ਨੰਬਰ .............................................

1595/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਜੀ ਟੀ ਯੂ ਦੇ ਆਗੂਆਂ ਦੀ ਜ਼ਿਲ੍ਹਾ ਸਿੱਖਿਆ ਅ.ਫਸਰ ਐਲੀਮੈਂਟਰੀ ਨਾਲ ਮੀਟਿੰਗ



**ਜਲੰਧਰ (ਸ਼ੈਲੀ ਐਲਬਰਟ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੇ ਆਗੂਆਂ ਦੀ ਮੀਟਿੰਗ ਜਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਜਲੰਧਰ ਨਾਲ ਜ਼ਿਲ੍ਹਾ ਪ੍ਰਧਾਨ ਕਰਨੈਲ ਫਿਲੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਦਿੱਤੇ ਏਜੰਡੇ ਵਿੱਚ ਸ਼ਾਮਿਲ ਬਹੁਤ ਸਾਰੇ ਮਸਲਿਆਂ ਦਾ ਨਿਪਟਾਰਾ ਮੌਕੇ ਤੇ ਕੀਤਾ ਗਿਆ। ਇਸ ਮੌਕੇ ਜਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਮੱਕੜ ਤੇ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਜਲੰਧਰ ਵਲੋਂ ਸਹਿਮਤੀ ਦਿੱਤੀ ਕੇ ਆਰਜ਼ੀ ਪ੍ਰਬੰਧ ਤੇ ਗਏ ਬਲਾਕ ਫਿਲੌਰ ਦੇ ਅਧਿਆਪਕਾਂ ਦੀ ਅਪ੍ਰੈਲ ਮਹੀਨੇ ਦੀ ਤਨਖ਼ਾਹ ਅਤੇ ਫ਼ਰਵਰੀ ਮਹੀਨੇ ਦੇ ਬਕਾਏ ਕਢਵਾਉਣ ਲਈ ਬਲਾਕ ਸਿੱਖਿਆ ਅਫ਼ਸਰ ਫਿਲੌਰ ਦੋ ਦਿਨ ਵਿੱਚ ਕਾਰਵਾਈ ਕਰਨਗੇ। ਨਵ ਨਿਯੁਕਤ ਈ ਟੀ ਟੀ ਅਧਿਆਪਕ ਮੁਨੀਸ਼ ਗੋਇਲ (01/4/2025) ਸਰਕਾਰੀ ਪ੍ਰਾਇਮਰੀ ਸਕੂਲ ਲੜੋਆ ਬਲਾਕ ਭੋਗਪੁਰ ਦੇ ਪੇ-ਪ੍ਰੋਟੈਕਟ ਸੰਬੰਧੀ ਉਹਨਾਂ ਸੰਬੰਧਤ ਡੀ ਡੀ ਓ ਨੂੰ ਜਲਦ ਕਾਰਵਾਈ ਕਰਨ ਲਈ ਪਾਬੰਦ ਕੀਤਾ,ਕੋਰਟ ਕੇਸ ਦੇ ਪਟੀਸ਼ਨਰ 6635 ਕੇਡਰ ਦੇ ਅਧਿਆਪਕਾਂ ਦੀਆਂ ਤਨਖਾਹਾਂ ਫ਼ਿਕਸ ਕਰਨ ਤੇ ਬਕਾਏ ਕਢਵਾਉਣ ਲਈ ਵਿਭਾਗ ਵਲੋਂ ਜਾਰੀ ਪੱਤਰ ਇਨਡੋਸ ਕਰਕੇ ਬਲਾਕਾਂ ਨੂੰ ਤਰੁੰਤ ਕਾਰਵਾਈ ਕਰਨ ਲਈ ਕਿਹਾ, ਸੰਨ 2016 ਤੋਂ 2021 ਤੱਕ ਦੇ ਬਕਾਏ ਤਰੁੰਤ ਕਢਵਾਏ ਜਾਣ ਅਤੇ 01/01/2016 ਤੋਂ ਬਾਅਦ ਸੇਵਾ ਮੁਕਤ ਹੋਏ ਅਧਿਆਪਕਾਂ ਦੀ ਕਮਾਈ ਛੁੱਟੀ/ਪੇ ਫਿਕਸੇਸ਼ਨ ਬਕਾਇਆਂ ਸਬੰਧੀ ਬਲਾਕ ਪ੍ਰਾਇਮਰੀ ਅਫ਼ਸਰਾਂ ਨੂੰ ਪਾਬੰਦ ਕੀਤਾ ਅਤੇ ਬਜ਼ਟ ਜਲਦ ਭੇਜਿਆ ਜਾਵੇਗਾ। ਵਿਦੇਸ਼ ਛੁੱਟੀ ਲਈ ਜਲੰਧਰ ਦਫ਼ਤਰ ਵਲੋਂ ਸਾਰੇ ਕੇਸ ਮੋਹਾਲੀ ਭੇਜਣ ਤੇ ਸਹਿਮਤੀ ਬਣੀ।ਇਸ ਮੌਕੇ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਆਗੂ ਗੁਰਿੰਦਰ ਸਿੰਘ, ਰਾਜਿੰਦਰ ਸਿੰਘ ਭੋਗਪੁਰ, ਜਸਵੀਰ ਫਿਲੌਰ, ਲਖਵਿੰਦਰ ਸਿੰਘ ਸਮਰਾ, ਮੁਨੀਸ਼ ਕੁਮਾਰ, ਮਨਜੀਤ ਸਿੰਘ, ਜਗਸੀਰ ਫ਼ਿਲੌਰ, ਰਣਜੀਤ ਸਿੰਘ ਫਿਲੌਰ, ਸੁਸ਼ੀਲ ਫਿਲੌਰ ਆਦਿ ਹਾਜ਼ਰ ਸਨ।

# ਹਰਿਆਣਾ ਦੇ ਸਰਕਾਰੀ ਕਾਲਜਾਂ ਨੂੰ ਮਿਲੇ 435 ਨਵੇਂ ਅਸਿਸਟੈਂਟ ਪ੍ਰੋਫੈਸਰ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੀ ਉਚੇਰੀ ਸਿੱਖਿਆ ਪ੍ਰਣਾਲੀ ਨੂੰ ਹੋਰ ਵਧੇਰੇ ਮਜਬੂਤ ਤੇ ਪ੍ਰਭਾਵੀ ਬਣਾਉਣ ਦੀ ਦਿਸ਼ਾ ਵਿੱਚ ਸੂਬਾ ਸਰਕਾਰ ਨੇ ਇੱਕ ਵੱਡਾ ਕਦਮ ਚੁੱਕਿਆ ਹੈ। ਹਰਿਆਣਾ ਦੇ ਸਿੱਖਿਆ ਮੰਤਰੀ ਮਹੀਪਾਲ ਢਾਂਡਾ ਨੇ ਸੂਬੇ ਦੇ ਸਰਕਾਰੀ ਕਾਲਜਾਂ ਲਈ ਨਵ-ਨਿਯੁਕਤ 435 ਅਸਿਸਟੈਂਟ ਪ੍ਰੋਫੈਸਰਾਂ ਨੂੰ ਉਨ੍ਹਾਂ ਦੇ ਨਿਯੁਕਤੀ ਸਥਾਨ (ਸਟੇਸ਼ਨ) ਸਮੇਤ ਨਿਯੁਕਤੀ ਪੱਤਰ ਦਿੱਤੇ। ਇਸ ਭਰਤੀ ਪ੍ਰਕਿਰਿਆ ਤਹਿਤ ਸੂਬੇ ਦੇ ਕਾਲਜਾਂ ਨੂੰ ਵੱਖ-ਵੱਖ ਮਹੱਤਵਪੂਰਨ ਵਿਸ਼ਿਆਂ ਵਿੱਚ ਨਵੇਂ ਅਧਿਆਪਕ ਮਿਲੇ ਹਨ। ਇਨ੍ਹਾਂ ਨਿਯੁਕਤੀਆਂ ਵਿੱਚ ਜਿਓਗ੍ਰਾਫੀ (ਭੂਗੋਲ) ਦੇ 277, ਰਾਜਨੀਤੀ ਸ਼ਾਸਤਰ ਦੇ 71 ਅਤੇ ਇਤਿਹਾਸ ਦੇ 87 ਅਸਿਸਟੈਂਟ ਪ੍ਰੋਫੈਸਰ ਸ਼ਾਮਲ ਹਨ।ਸਿੱਖਿਆ ਮੰਤਰੀ ਮਹੀਪਾਲ ਢਾਂਡਾ ਨੇ ਨਵ-ਨਿਯੁਕਤ ਅਧਿਆਪਕਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਨਸ਼ੀਲੀਆਂ ਬੋਤਲਾਂ ਸਮੇਤ ਤਸਕਰ ਗ੍ਰਿਫ਼ਤਾਰ



**ਡੇਰਾਬੱਸੀ (ਵਿਨੈ ਕੁਮਾਰ ਜੈਨ)**

ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਡੇਰਾਬੱਸੀ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਚੌਂਕੀ ਮੁਬਾਰਕਪੁਰ ਦੀ ਟੀਮ ਨੇ ਇੱਕ ਨਸ਼ਾ ਤਸਕਰ ਨੂੰ ਭਾਰੀ ਮਾਤਰਾ ਵਿੱਚ ਨਸ਼ੀਲੀਆਂ ਬੋਤਲਾਂ ਸਮੇਤ ਕਾਬੂ ਕੀਤਾ। ਫੜੇ ਗਏ ਮੁਲਜ਼ਮ ਦੀ ਪਛਾਣ ਵਿਕਾਸ ਕੁਮਾਰ ਉਰਫ ਵਿੱਕੀ ਪੁੱਤਰ ਗਰੀਬ ਦਾਸ, ਵਾਸੀ ਢੇਹਾ ਬਸਤੀ ਮੀਰਪੁਰ (ਮੁਬਾਰਕਪੁਰ) ਵਜੋਂ ਹੋਈ ਹੈ। ?ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਮੁਬਾਰਕਪੁਰ ਚੌਂਕੀ ਇੰਚਾਰਜ ਸਬ-ਇੰਸਪੈਕਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਏ ਐੱਸ ਆਈ ਲਖਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਪਾਰਟੀ ਵੱਲੋਂ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਲਈ ਵਿਸ਼ੇਸ਼ ਨਾਕਾਬੰਦੀ ਕੀਤੀ ਗਈ ਸੀ। ਚੈਕਿੰਗ ਦੌਰਾਨ ਜਦੋਂ ਵਿਕਾਸ ਕੁਮਾਰ ਨੂੰ ਰੋਕ ਕੇ ਉਸ ਦੀ ਤਲਾਸ਼ੀ ਲਈ ਗਈ ਤਾਂ ਉਸ ਦੇ ਕਬਜ਼ੇ ਵਿੱਚੋਂ 'ਟੋਰਕਫ' ਮਾਰਕਾ ਦੀਆਂ 11 ਨਸ਼ੀਲੀਆਂ ਬੋਤਲਾਂ ਬਰਾਮਦ ਹੋਈਆਂ।ਇਨ੍ਹਾਂ ਬੋਤਲਾਂ ਵਿੱਚ ਪ੍ਰਤੀਬੰਧਿਤ ਕੋਡੀਨ ਫਾਸਫੇਟ ਤੇ ਟ੍ਰਿਪਰੋਲੀਡਾਈਨ ਹਾਈਡ੍ਰੋਕਲੋਰਾਈਡ ਮੌਜੂਦ ਸੀ। ?ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਐੱਨ ਡੀ ਪੀ ਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਨੇ ਪੁਲਸ ਨੂੰ ਮੁਲਜ਼ਮ ਦਾ ਤਿੰਨ ਦਿਨਾਂ ਦਾ ਰਿਮਾਂਡ ਦਿੱਤਾ ਹੈ, ਤਾਂ ਜੋ ਨਸ਼ੇ ਦੀ ਸਪਲਾਈ ਲਾਈਨ ਅਤੇ ਇਸ ਧੰਦੇ ਦੇ ਮੁੱਖ ਸਰਗਨਾਵਾਂ ਦਾ ਪਤਾ ਲਗਾਇਆ ਜਾ ਸਕੇ। ਪੁੱਛਗਿੱਛ ਦੌਰਾਨ ਪੁਲਿਸ ਸਾਹਮਣੇ ਇੱਕ ਹੋਰ ਵਿਅਕਤੀ ਸਾਗਰ ਉਰਫ ਨਾਗਾ ਪੁੱਤਰ ਬਬਲੀ, ਵਾਸੀ ਢੇਹਾ ਬਸਤੀ (ਤ੍ਰਿਵੇਦੀ ਕੈਂਪ) ਦਾ ਨਾਂ ਵੀ ਸਾਹਮਣੇ ਆਇਆ ਹੈ। ਪੁਲਿਸ ਨੇ ਸਾਗਰ ਨੂੰ ਵੀ ਇਸ ਕੇਸ ਵਿੱਚ ਨਾਮਜ਼ਦ ਕਰ ਲਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੂਜੇ ਮੁਲਜ਼ਮ ਦੀ ਗ੍ਰਿਫ਼ਤਾਰੀ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਉਸ ਨੂੰ ਵੀ ਸਲਾਖਾਂ ਪਿੱਛੇ ਭੇਜ ਦਿੱਤਾ ਜਾਵੇਗਾ।

# ਨਵੇਂ ਕੰਪਿਊਟਰ ਤੇ ਇੰਟਰ ਐਕਟਿਵ ਪੈਨਲ ਦਾ ਉਦਘਾਟਨ


**ਕਪੂਰਥਲਾ (ਮਨਜੀਤ ਮਾਨ)**-ਪਿੰਡ ਬਲ੍ਹੇਰਖਾਨ ਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਨਵੇਂ ਕੰਪਿਊਟਰ ਅਤੇ ਇੰਟਰ ਐਕਟਿਵ ਪੈਨਲ ਦਾ ਉਦਘਾਟਨ ਸਕੂਲ ਦੇ ਪ੍ਰਿੰਸੀਪਲ ਸਟੇਟ ਐਵਾਰਡੀ ਰਵਿੰਦਰ ਕੌਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਤਕਨੀਕੀ ਸਿੱਖਿਆ ਦੇ ਸੁਧਾਰ ਵਜੋਂ ਸਕੂਲ ਨੂੰ 7 ਨਵੇਂ ਕੰਪਿਊਟਰ ਅਤੇ ਦੋ ਇੰਟਰ ਐਕਟਿਵ ਪੈਨਲ ਬੋਰਡ ਮੁੱਹਈਆ ਕਰਵਾਏ ਗਏ ਜਿਸ ਦਾ ਉਦਘਾਟਨ ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ,



ਮੈਂਬਰ ਸਾਹਿਬਾਨ ਵੱਲੋਂ ਕੀਤਾ ਗਿਆ। ਉਨ੍ਹਾਂ ਖੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਨੈਸ਼ਨਲ ਟੈਕਨਾਲੋਜੀ ਡੇ ਨੂੰ ਸਮਰਪਿਤ ਕੰਪਿਊਟਰ ਤੇ ਪੈਨਲ ਬੋਰਡ ਦਾ ਉਦਘਾਟਨ ਉਪਰੰਤ ਇਲਾਕੇ ਦੇ ਵਿਦਿਆਰਥੀਆਂ ਨੂੰ ਸਮਰਪਿਤ ਕਰ ਦਿੱਤੇ ਗਏ ਹਨ। ਇਸ ਮੌਕੇ ਸਕੂਲ ਕਮੇਟੀ ਦੇ ਚੇਅਰਮੈਨ ਹਰਭਜਨ ਸਿੰਘ, ਸੰਤੋਖ ਸਿੰਘ, ਸੂਰਜ ਵਰਮਾ, ਮਨਜਿੰਦਰ ਕੌਰ, ਗਗਨਦੀਪ ਸਿੰਘ, ਹਰਪ੍ਰੀਤ ਸਿੰਘ, ਕੁਲਦੀਪ ਸਿੰਘ, ਅਰਵਿੰਦ ਕੌਰ ਤੋਂ ਇਲਾਵਾ ਪਿੰਡ ਦੇ ਪਤਵੰਤੇ ਸੱਜਣ ਜਸਵੀਰ ਸਿੰਘ ਨੰਬਰਦਾਰ, ਗੁਰਚਰਨ ਸਿੰਘ, ਮੈਨੇਜਰ ਬਲਵੀਰ ਸਿੰਘ, ਬਲਵੰਤ ਸਿੰਘ, ਸੁਖਵਿੰਦਰ ਸਿੰਘ ਤੋਂ ਇਲਾਵਾ ਹੋਰ ਆਗੂ ਵੀ ਇਸ ਮੌਕੇ 'ਤੇ ਹਾਜ਼ਰ ਸਨ।

# ਭਾਈ ਅਵਤਾਰ ਸਿੰਘ ਵੱਲੋਂ ਲੋੜਵੰਦ ਪਰਵਾਰ ਦੀ ਆਰਥਿਕ ਮਦਦ

**ਕਪੂਰਥਲਾ (ਮਨਜੀਤ ਮਾਨ)**-ਜ਼ਿਲ੍ਹਾ ਕਪੂਰਥਲਾ ਦੇ ਅਧੀਨ ਪੈਂਦੇ ਕਸਬਾ ਕਾਲਾ ਸੰਘਿਆਂ ਵਿਖੇ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲੇ ਗ੍ਰੰਥੀ ਸਿੰਘ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਵੱਲੋਂ ਐਨ ਆਰ ਆਈਜ਼ ਦੇ



ਸਹਿਯੋਗ ਨਾਲ ਮੱਖਣ ਸਿੰਘ ਦੇ ਚੂਲੇ ਤੇ ਗੰਭੀਰ ਸੱਟ ਲੱਗਣ ਕਾਰਨ ਪੀੜ੍ਹਤ ਵਿਅਕਤੀ ਚੱਲਣ ਫਿਰਨ ਤੋਂ ਅਸਮਰਥ ਸੀ ਜਿਸ ਦਾ ਐਨ ਆਰ ਆਈਜ਼ ਪਰਮਜੀਤ ਸਿੰਘ ਸਿੱਧੂ ਸਿੱਧਵਾਂ ਦੋਨਾ ਯੂ ਐਸ ਏ, ਬਲਵਿੰਦਰ ਸਿੰਘ ਸਿੱਧੂ ਯੂ ਐਸ ਏ, ਤੇ ਧੰਨ ਧੰਨ ਸੰਤ ਬਾਬਾ ਕਾਹਨ ਦਾਸ ਜੀ ਦੇ ਸੇਵਕ ਬੈਲਜੀਅਮ ਵੱਲੋਂ ਲੋੜਵੰਦ ਪਰਵਾਰ ਦੀ ਆਰਥਿਕ ਮਦਦ ਕੀਤੀ ਗਈ। ਇਸ ਮੌਕੇ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲਿਆ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੀੜ੍ਹਤ ਪਰਵਾਰ ਦੀ ਐਨ ਆਰ ਆਈਜ਼ ਵੱਲੋਂ ਹੋਰ ਆਰਥਿਕ ਮਦਦ ਕਰਵਾਈ ਜਾਵੇਗੀ।

# ਗੰਨੇ ਦੀ ਫ਼ਸਲ 'ਚ ਖਾਦਾਂ ਦੀ ਸੰਤੁਲਤ ਵਰਤੋਂ ਕਰਨ ਦੀ ਲੋੜ : ਕੇਨ ਕਮਿਸ਼ਨਰ



**ਮੁਹਾਲੀ (ਗੁਰਜੀਤ ਬਿੱਲਾ)**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਫ਼ਸਲਾਂ ਵਿਚ ਸੰਤੁਲਿਤ ਖਾਦਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਚਲਾਈ ਮੁਹਿੰਮ ਤਹਿਤ ਦਫਤਰ ਗੰਨਾ ਕਮਿਸ਼ਨਰ ਪੰਜਾਬ ਤੇ ਸਮੂਹ ਖੰਡ ਮਿੱਲਾਂ ਵੱਲੋਂ ਇੱਕ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਜਿਸ ਤਹਿਤ ਪੰਜਾਬ ਭਰ ਦੀਆਂ ਨਿੱਜੀ ਅਤੇ ਸਹਿਕਾਰੀ ਖੰਡ ਮਿੱਲਾਂ ਦੇ ਸਹਿਯੋਗ ਨਾਲ ਇੱਕੋ ਦਿਨ 441 ਪਿੰਡਾਂ ਵਿਚ ਨੁੱਕੜ ਮੀਟਿੰਗਾਂ ਕਰਕੇ 4363 ਗੰਨਾ ਕਾਸ਼ਤਕਾਰਾਂ ਨੂੰ ਗੰਨੇ ਦੀ ਫ਼ਸਲ ਵਿਚ ਸੰਤੁਲਿਤ ਖਾਦਾਂ ਦੀ ਵਰਤੋਂ ਖਾਸ ਕਰਕੇ ਯੂਰੀਆ ਖਾਦ ਦੀ ਵਰਤੋਂ ਸਿਫਾਰਸ਼ਾਂ ਅਨੁਸਾਰ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸ ਲੜੀ ਤਹਿਤ ਪਿੰਡ ਰੰਗੀਆਂ, ਪੋਪਨਾ ਅਤੇ ਧੜਾਕ ਕਲਾਂ ਵਿਚ ਇਕੱਤਰ ਗੰਨਾ ਕਾਸ਼ਤਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਅਮਰੀਕ ਸਿੰਘ ਨੇ ਕਿਹਾ ਕਿ ਯੂਰੀਆ ਦੀ ਵਧ ਰਹੀ ਖਪਤ ਦੇ ਮੱਦੇਨਜ਼ਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਸਰਕਾਰ ਵਲੋਂ ਗੰਨਾ ਕਾਸ਼ਤਕਾਰਾਂ ਨੂੰ ਗੰਨੇ ਦੀ ਫ਼ਸਲ ਵਿਚ ਸੰਤੁਲਿਤ ਖਾਦਾਂ ਦੀ ਵਰਤੋਂ ਲਈ ਚਲਾਈ ਮੁਹਿੰਮ ਤਹਿਤ ਪਿੰਡ ਪੱਧਰ, ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗੰਨੇ ਦੀ ਫ਼ਸਲ ਲੰਮੇ ਸਮੇਂ ਦੀ ਫ਼ਸਲ ਹੋਣ ਕਾਰਨ, ਆਮ ਫ਼ਸਲਾਂ ਜਿਵੇਂ ਕਣਕ ਝੋਨੇ, ਮੱਕੀ ਆਦਿ ਨਾਲੋਂ, ਗੰਨੇ ਦੀ ਫ਼ਸਲ ਨੂੰ ਜ਼ਿਆਦਾ ਮਾਤਰਾ ਵਿਚ ਖੁਰਾਕੀ ਤੱਤਾਂ ਦੀ ਜ਼ਰੂਰਤ ਪੈਂਦੀ ਹੈ ਤੇ ਪੀ ਏ ਯੂ ਲੁਧਿਆਣਾ ਵਲੋਂ ਬੀਜੜ ਗੰਨੇ ਦੀ ਫ਼ਸਲ ਲਈ 135 ਕਿਲੋ ਯੂਰੀਆ ਅਤੇ ਮੂਢੀ ਫ਼ਸਲ ਲਈ 195 ਕਿਲੋ ਯੂਰੀਆ ਪ੍ਰਤੀ ਏਕੜ ਸਿਫਾਰਸ਼ ਕੀਤੀ ਗਈ ਹੈ ਪ੍ਰੰਤੂ ਗੰਨਾ ਕਾਸ਼ਤਕਾਰਾਂ ਵਲੋਂ ਸਿਫਾਰਸ਼ਾਂ ਤੋਂ ਜ਼ਿਆਦਾ ਵਰਤੋਂ ਕਰਨ ਨਾਲ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ।ਉਨ੍ਹਾਂ ਦੱਸਿਆ ਕਿ ਧਿਆਨ ਵਿਚ ਆਇਆ ਹੈ ਕਿ ਗੰਨਾ ਕਾਸ਼ਤਕਾਰਾਂ ਵਲੋਂ ਗੰਨੇ ਦੀ ਫ਼ਸਲ ਨੂੰ ਸਿਫਾਰਸ਼ਾਂ ਤੋਂ ਵੱਧ ਖਾਦਾਂ ਖਾਸ ਕਰਕੇ ਯੂਰੀਆ ਖਾਦ ਦੀ ਵਰਤੋਂ ਕੀਤੀ ਜਾ ਰਹੀ ਹੈ ਜਿਸ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਧ ਰਹੀਆਂ ਹਨ।

# 10ਵੀਂ ਦੇ ਨਤੀਜੇ 'ਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

**ਲੋਹੀਆਂ ਖਾਸ (ਯੋਗੇਸ਼ਵਰ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 10ਵੀਂ ਜਮਾਤ ਦੇ ਨਤੀਜਿਆਂ ਵਿੱਚ ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ, ਵਾੜਾ ਜੋਧ ਸਿੰਘ, ਜਲੰਧਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਂਦਿਆਂ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਸਕੂਲ ਦੇ ਪ੍ਰਿੰਸੀਪਲ ਅਤੇ ਡਿਪਟੀ ਡਾਇਰੈਕਟਰ ਸਰਗਮ ਥਿੰਦ ਨੇ ਦੱਸਿਆ ਕਿ ਪਹਿਲਾ ਸਥਾਨ ਗੁਰਸ਼ਾਨਪ੍ਰੀਤ ਸਿੰਘ ਸਪੁੱਤਰ ਜਸਵਿੰਦਰ ਸਿੰਘ, ਦੂਸਰਾ ਸਥਾਨ ਜਸ਼ਨਦੀਪ ਸਿੰਘ ਸਪੁੱਤਰ ਤਰਸੇਮ ਸਿੰਘ, ਤੀਜਾ ਸਥਾਨ ਹਰਪ੍ਰੀਤ ਸਿੰਘ ਸਪੁੱਤਰ ਪਰਮਜੀਤ ਸਿੰਘ ਨੇ ਪ੍ਰਾਪਤ ਕੀਤਾ ਹੈ।ਮੈਨੇਜਮੈਂਟ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਨਤੀਜਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਅਧਿਆਪਕਾਂ ਦੀ ਲਗਨ ਦਾ ਸਿੱਟਾ ਹੈ।ਇਸ ਸਫਲਤਾ ਵਿੱਚ ਅਧਿਆਪਕ ਸੰਦੀਪ, ਜਸਵਿੰਦਰ ਸਿੰਘ, ਰਮਨਪ੍ਰੀਤ ਕੌਰ, ਹਰਮਨ ਅਤੇ ਅਨਮੋਲ ਦੀ ਅਹਿਮ ਭੂਮਿਕਾ ਰਹੀ।ਡਿਪਟੀ ਡਾਇਰੈਕਟਰ ਸਰਗਮ ਥਿੰਦ ਨੇ ਵੀ ਟਾਪਰਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।




# ਅਕਾਲੀ ਦਲ ਵਾਰਿਸ ਪਾਰਟੀ 'ਚ ਭਾਰੀ ਗਿਣਤੀ 'ਚ ਲੋਕ ਹੋਏ ਸ਼ਾਮਲ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**

ਹਲਕਾ ਆਦਮਪੁਰ ਦੇ ਪਿੰਡ ਗੀਗਨੋਵਾਲ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਨੂੰ ਉਸ ਵੇਲੇ ਵੱਡਾ ਸਮਰਥਨ ਮਿਲਿਆ ਜਦੋਂ ਪਿੰਡ ਦੇ ਲੋਕ ਵੱਡੀ ਗਿਣਤੀ ਵਿੱਚ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਬੋਲਦੇ ਹੋਏ ਅਰਵਿੰਦਰ ਸਿੰਘ ਝੰਮਟ ਨੇ ਕਿਹਾ ਕਿ ਸਰਕਾਰ ਦੀਆਂ ਗਲਤ ਨੀਤੀਆਂ ਤੋਂ ਤੰਗ ਆ ਕੇ ਲੋਕ ਅਕਾਲੀ ਦਲ ਵਾਰਸ ਪੰਜਾਬ ਦੇ ਪਾਰਟੀ ਦਾ ਪੱਲਾ ਫੜ ਰਹੇ ਹਨ। ਇਸ ਮੌਕੇ ਗੁਰਪ੍ਰੀਤ ਸਿੰਘ ਭੋਗਲ ਨੇ ਕਿਹਾ ਕਿ ਜੇ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ ਤਾਂ ਇਸ ਦਾ ਇੱਕੋ ਇੱਕ ਹੱਲ ਹੈ ਕਿ ਐਮ ਪੀ ਭਾਈ ਅੰਮ੍ਰਿਤਪਾਲ ਸਿੰਘ ਨੂੰ 2027 ਵਿੱਚ ਮੁੱਖ ਮੰਤਰੀ ਬਣਾਇਆ ਜਾਵੇ ਤੇ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾਵੇ। ਇਸ ਮੌਕੇ ਹਲਕਾ ਆਦਮਪੁਰ ਤੋਂ ਅਕਾਲੀ ਦਲ ਪਾਰਟੀ ਦੇ ਮੈਂਬਰ ਗੁਰਪ੍ਰੀਤ ਸਿੰਘ ਭੋਗਲ, ਅਰਵਿੰਦਰ ਸਿੰਘ ਝੰਮਟ, ਗੁਰਪ੍ਰੀਤ ਸਿੰਘ ਸ਼ੂ ਪੈਲਸ, ਬਲਜੀਤ ਸਿੰਘ, ਲਵਪ੍ਰੀਤ ਸਿੰਘ, ਦਲਵੀਰ ਸਿੰਘ, ਅਮਰਜੋਤ ਸਿੰਘ, ਜਰਨੈਲ ਸਿੰਘ, ਅਮਰਜੀਤ ਸਿੰਘ, ਬਲਜਿੰਦਰ ਸਿੰਘ, ਜਗਤਾਰ ਸਿੰਘ, ਮਝੈਲ ਸਿੰਘ, ਦਵਿੰਦਰ ਸਿੰਘ, ਮਹਿੰਦਰ ਸਿੰਘ, ਗੁਰਦੀਪ ਕੌਰ, ਮਨਦੀਪ ਕੌਰ, ਦਲਜੀਤ ਕੌਰ, ਸੁਨੀਤਾ ਦੇਵੀ, ਕੁਲਵੀਰ ਸਿੰਘ, ਕਮਲਜੀਤ ਕੌਰ, ਹਰਜੋਤ ਸਿੰਘ, ਜਸ਼ਨਦੀਪ ਸਿੰਘ, ਅਨੁਜੀਤ ਕੌਰ, ਦਵਿੰਦਰ ਕੌਰ, ਰਾਜ ਕੌਰ, ਸੁਖਦਿਆਲ ਕੌਰ ਅਤੇ ਰਾਜਵਿੰਦਰ ਕੌਰ ਸਮੇਤ ਹੋਰ ਭਾਰੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਖਰਬੂਜੇ ਦੀ ਫਸਲ 'ਚ ਮੌਸਮੀ ਤਬਦੀਲੀ ਕਾਰਨ ਆ ਰਹੀਆਂ ਸਮੱਸਿਆਵਾਂ



**ਮੁਹਾਲੀ (ਗੁਰਜੀਤ ਬਿੱਲਾ)**-ਇਲਾਕੇ ਵਿੱਚ ਪਿਛਲੇ ਕੁਝ ਦਿਨਾਂ ਤੋਂ ਬਣੇ ਨਮੀ ਵਾਲੇ ਅਤੇ ਬੱਦਲਵਾਈ ਭਰੇ ਮੌਸਮ ਕਾਰਨ ਖਰਬੂਜੇ ਸਮੇਤ ਕੱਦੂਜਾਤੀ ਵਰਗੀਆਂ ਫਸਲਾਂ ਵਿੱਚ ਉੱਲੀ ਰੋਗ ਤੇ ਝੁਲਸ ਰੋਗ ਦੀ ਸਮੱਸਿਆ ਵਧ ਰਹੀ ਹੈ। ਇਸ ਸਬੰਧੀ ਬਾਗਬਾਨੀ ਵਿਕਾਸ ਅਫਸਰ ਖਰੜ, ਕੋਮਲਪ੍ਰੀਤ ਸਿੰਘ ਵੱਲੋਂ ਖਰਬੂਜ਼ਾ ਕਾਸ਼ਤਕਾਰਾਂ ਦੇ ਖੇਤਾਂ ਦਾ ਦੌਰਾ ਕਰਕੇ ਫਸਲ ਦੀ ਜਾਂਚ ਕੀਤੀ ਗਈ।ਦੌਰੇ ਦੌਰਾਨ ਕਿਸਾਨਾਂ ਨੂੰ ਉੱਲੀ ਰੋਗ ਦੇ ਲੱਛਣਾਂ, ਰੋਕਥਾਮ ਅਤੇ ਸਮੇਂ ਸਿਰ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਮੌਜੂਦਾ ਮੌਸਮ ਇਹਨਾਂ ਰੋਗਾਂ ਦੇ ਫੈਲਾਅ ਲਈ ਅਨੁਕੂਲ ਹੈ, ਜਿਸ ਕਾਰਨ ਬਿਮਾਰੀ ਤੇਜ਼ੀ ਨਾਲ ਫੈਲ ਸਕਦੀ ਹੈ।ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਖੇਤਾਂ ਦੀ ਨਿਰੰਤਰ ਨਿਗਰਾਨੀ ਕੀਤੀ ਜਾਵੇ ਅਤੇ ਸਿਫਾਰਸ਼ੀ ਦਵਾਈਆਂ ਦੀ ਵਰਤੋਂ ਕਰਕੇ ਫਸਲ ਨੂੰ ਨੁਕਸਾਨ ਤੋਂ ਬਚਾਇਆ ਜਾਵੇ।

# ਨੌਜਵਾਨਾਂ ਨੂੰ ਬਸਪਾ ਪੰਜਾਬ ਸੰਭਾਲੋ ਮੁਹਿੰਮ ਨਾਲ ਜੁੜਨ ਦਾ ਦਿੱਤਾ ਸੱਦਾ

**ਹੁਸ਼ਿਆਰਪੁਰ (ਓ ਪੀ ਰਾਣਾ)** -ਪਿੰਡ ਮਾਨਾ ਹਲਕਾ ਚੱਬੇਵਾਲ ਦੇ ਨੌਜਵਾਨਾਂ ਨੇ ਤੀਸਰਾ ਕਬੂਤਰਬਾਜ਼ੀ ਮੁਕਾਬਲਾ ਬਹੁਤ ਉਤਸ਼ਾਹ ਨਾਲ ਕਰਵਾਇਆ ।ਇਸ ਮੌਕੇ ਐਡਵਕੇਟ ਪਲਵਿੰਦਰ ਮਾਨਾ ਇੰਚਾਰਜ ਬਸਪਾ ਹਲਕਾ ਚੱਬੇਵਾਲ ਉਨ੍ਹਾਂ ਦੇ ਨਾਲ ਠੇਕੇਦਾਰ ਬਲਬੀਰ ਸਿੰਘ ਸੂਬੇਦਾਰ ਹਰਭਜਨ ਸਿੰਘ ਅਤੇ ਲੰਬਰਦਾਰ ਬਲਵਿੰਦਰ ਸਿੰਘ ਵਿਸ਼ੇਸ਼ ਤੌਰ ਤੇ ਪੁਹੰਚੇ ਅਤੇ



ਐਡਵੋਕੇਟ ਪਲਵਿੰਦਰ ਮਾਨਾ ਤੇ ਸਾਰੇ ਮੋਹਤਬਰ ਸਾਥੀਆਂ ਨੇ ਜੇਤੂ ਖਿਡਾਰੀਆਂ ਨੂੰ ਨਗਦ ਇਨਾਮ ਅਤੇ ਟਰਾਫੀਆਂ ਤਕਸੀਮ ਕੀਤੀਆਂ। ਮੁਕਾਬਲੇ ਦੌਰਾਨ ਬਾਹਰੋਂ ਆਏ ਨੌਜਵਾਨਾਂ ਵਾਸਤੇ ਕਮੇਟੀ ਵੱਲੋਂ ਚਾਹ ਤੇ ਦੁਪਹਿਰ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਇਨਾਮ ਤਕਸੀਮ ਕਰਨ ਦੌਰਾਨ ਐਡਵੋਕੇਟ ਪਲਵਿੰਦਰ ਮਾਨਾ ਨੇ ਨੌਜਵਾਨਾਂ ਨੂੰ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੇ ਨਾਲ ਜੁੜਨ ਦਾ ਸੱਦਾ ਦਿੱਤਾ ਤੇ ਬਸਪਾ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ। ਕੁਬਤਰਬਾਜ਼ੀ ਮੁਕਾਬਲੇ ਦੀ ਅਗਵਾਈ ਅਭਿਸ਼ੇਕ ਕੁਮਾਰ, ਜਗਦੀਪ ਕੁਮਾਰ ਅਤੇ ਰਾਜ ਕੁਮਾਰ ਨੇ ਕੀਤੀ। ਇਸ ਮੌਕੇ ਬਾਬੂ ਰੌਸ਼ਨ ਲਾਲ, ਸਤੀਸ਼ ਕੁਮਾਰ ਸਾਬਕਾ ਸਰਪੰਚ, ਪਰਦੀਪ ਕੁਮਾਰ, ਜਸਬੀਰ ਸਿੰਘ ਬੰਗੜ, ਹਰਮੇਸ਼ ਲਾਲ, ਤਰਸੇਮ ਲਾਲ, ਮੋਹਨ ਲਾਲ, ਤੇਜਪਾਲ, ਸਮੀਰ ਮਾਨਾ ਸੌਰਵ ਹੀਰ, ਕਸਤੂਰੀ ਲਾਲ, ਸਾਗਰ, ਜਤਿੰਦਰ ਸਿੰਘ ਤੇ ਹੋਰ ਵੀ ਵੱਡੀ ਗਿਣਤੀ ਵਿਚ ਨੌਜਵਾਨ ਸਾਥੀ ਹਾਜ਼ਰ ਸਨ।

# ਜੇ ਜੇ ਪਬਲਿਕ ਸਕੂਲ ਦਾ ਨਤੀਜਾ ਰਿਹਾ 100 ਫੀਸਦੀ



**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੇ ਸਬ ਡਿਵੀਜ਼ਨ ਬਲਾਚੌਰ ਪਿੰਡ ਕੰਗਨਾ ਬੇਟ ਵਿਖੇ ਜੇ ਜੇ ਪਬਲਿਕ ਸਕੂਲ ਦਾ ਨਤੀਜਾ 100% ਰਿਹਾ ਵਿਦਿਆਰਥੀਆਂ ਨੇ ਬਹੁਤ ਵਧੀਆ ਨੰਬਰ ਪ੍ਰਾਪਤ ਕਰਕੇ ਕਿੱਥੇ ਆਪਣੇ ਮਾਪਿਆਂ ਦਾ ਉਥੇ ਸਕੂਲ ਦਾ ਨਾਂ ਰੋਸ਼ਨ ਕੀਤਾ ਜਿਸ ਵਿੱਚ ਸੁਸ਼ੀਲਾ ਰਾਣਾ ਚੇਅਰਮੈਨ ਤੇ ਸਕੂਲ ਦੇ ਪ੍ਰਿੰਸੀਪਲ ਸੁਰਜੀਤ ਸਿੰਘ ਦੱਸਿਆ ਕਿ ਸਹਾਨੀ ਨੇ ਪਹਿਲਾ ਸਥਾਨ ਹਾਸਿਲ ਕੀਤਾ ਭੁਪਿੰਦਰ ਕੌਰ ਨੂੰ ਦੂਜਾ ਸਥਾਨ ਪ੍ਰਾਪਤ ਕੀਤਾ ਮਨੀਸ਼ਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਮੂਹ ਸਟਾਫ ਮਿਹਨਤ ਸਦਕਾ ਸੱਚੇ ਵਧੀਆ ਨੰਬਰਾਂ ਵਿੱਚ ਪਾਸ ਹੋਏ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

# ਮਾਂ ਦੇ ਸੰਸਕਾਰ ਹੀ ਬੱਚੇ ਦੇ ਚੰਗੇ ਭਵਿੱਖ ਦੀ ਮਜ਼ਬੂਤ ਨੀਂਹ : ਕਪੂਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਮਾਂ ਦਿਵਸ ਬੜੇ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵੱਲੋਂ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਪ੍ਰਾਈਮਰੀ ਵਿਭਾਗ ਦੇ ਨੰਨ੍ਹੇ-ਮੁੰਨੇ ਵਿਦਿਆਰਥੀਆਂ ਦੀਆਂ ਮਾਵਾਂ ਨੇ ਆਪਣੇ ਬੱਚਿਆਂ ਨਾਲ ਭਰਪੂਰ ਸ਼ਮੂਲੀਅਤ ਕਰਦੇ ਹੋਏ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ। ਸਮਾਗਮ ਦਾ ਮੁੱਖ ਉਦੇਸ਼ ਮਾਵਾਂ ਦੇ ਨਿਸ਼ਕਾਮ ਪਿਆਰ, ਮਮਤਾ ਅਤੇ ਅਨਮੋਲ ਯੋਗਦਾਨ ਨੂੰ ਸਨਮਾਨ ਦੇਣਾ ਸੀ।ਇਸ ਦੌਰਾਨ ਮਾਵਾਂ ਲਈ ਵਿਸ਼ੇਸ਼ ਮਨੋਰੰਜਕ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਮਿਊਜ਼ਿਕਲ ਗੇਮਾਂ, ਡਾਂਸ ਅਤੇ ਹੋਰ ਰੁਚਿਕਰ ਪ੍ਰਸਤੁਤੀਆਂ ਵਿੱਚ ਮਾਵਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਪੂਰਾ ਸਕੂਲ ਕੈਂਪਸ ਤਾਲੀਆਂ, ਹਾਸੇ ਅਤੇ ਖੁਸ਼ੀਆਂ ਨਾਲ ਗੂੰਜਦਾ ਰਿਹਾ। ਛੇਵੀਂ ਤੋਂ ਲੈ ਕੇ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਕਾਰਡ ਮੇਕਿੰਗ ਮੁਕਾਬਲੇ ਦਾ ਆਯੋਜਨ ਵੀ ਕੀਤਾ ਗਿਆ। ਇਸ ਮੌਕੇ ਸਕੂਲ ਦੀਆਂ ਅਧਿਆਪਕਾਵਾਂ ਅਤੇ ਬੱਚਿਆਂ ਦੀਆਂ ਮਾਵਾਂ ਵੱਲੋਂ ਨੱਚ-ਗਾ ਕੇ ਖੂਬ ਰੌਣਕ ਲਗਾਈ ਗਈ, ਜਿਸ ਨਾਲ ਸਮਾਗਮ ਦਾ ਮਾਹੌਲ ਹੋਰ ਵੀ ਰੰਗੀਨ ਬਣ ਗਿਆ।



ਸਮਾਗਮ ਨੂੰ ਸੰਬੋਧਨ ਕਰਦਿਆਂ ਸਕੂਲ ਮੁਖੀ ਪ੍ਰਿੰ. ਗੁਰਿੰਦਰ ਕੌਰ ਕਪੂਰ ਨੇ ਕਿਹਾ ਕਿ ਮਾਂ ਬੱਚੇ ਦੀ ਪਹਿਲੀ ਗੁਰੂ ਹੁੰਦੀ ਹੈ ਅਤੇ ਉਸ ਦੇ ਸੰਸਕਾਰ ਹੀ ਬੱਚੇ ਦੇ ਚੰਗੇ ਭਵਿੱਖ ਦੀ ਮਜ਼ਬੂਤ ਨੀਂਹ ਰੱਖਦੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਸਿਰਫ਼ ਕਿਤਾਬੀ ਗਿਆਨ ਤੱਕ ਸੀਮਿਤ ਨਹੀਂ ਹੁੰਦੀ, ਸਗੋਂ ਬੱਚਿਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਅਤੇ ਪਰਿਵਾਰਕ ਸੰਸਕਾਰ ਪੈਦਾ ਕਰਨਾ ਵੀ ਸਕੂਲ ਦਾ ਮੁੱਖ ਉਦੇਸ਼ ਹੈ।

# ਸਕੂਲ ਦਾ 10+2 ਦਾ ਨਤੀਜਾ ਰਿਹਾ ਸ਼ਾਨਦਾਰ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਦਾ ਬਾਹਰਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ ਹੈ । ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਗਏ ਨਤੀਜੇ ਬਾਰੇ ਜਾਣਕਾਰੀ ਦਿੰਦਿਆ ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਦੱਸਿਆ ਕਿ ਕਾਲਜੀਏਟ ਸਕੂਲ ਵਿਚ ਚੱਲ ਰਹੇ 10+2 ਦੇ ਸਾਇੰਸ, ਕਾਮਰਸ ਅਤੇ ਆਰਟਸ ਵਿਸ਼ਿਆਂ ਦਾ ਨਤੀਜਾ 100 ਫੀਸਦੀ ਰਿਹਾ ਹੈ । ਉਨ੍ਹਾਂ ਦੱਸਿਆ ਕਿ 10+2 ਸਾਇੰਸ ਦੇ ਨਤੀਜੇ ਵਿਚ ਵਿਦਿਆਰਥਣ ਲਵਪ੍ਰੀਤ ਕੌਰ ਨੇ 90.4 ਫੀਸਦੀ ਅੰਕ ਲੈ ਕੇ ਕਲਾਸ ਵਿਚ ਪਹਿਲਾ ਸਥਾਨ, ਹਰਮਨਪ੍ਰੀਤ ਕੌਰ ਨੇ 88.6 ਫੀਸਦੀ ਅੰਕ ਲੈ ਕੇ ਦੂਜਾ ਸਥਾਨ, ਹਰਜੋਤ ਕੌਰ ਨੇ 79 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ । 10+2 ਕਾਮਰਸ ਦੇ ਨਤੀਜੇ ਵਿਚ ਰਾਬੀਆ ਅਗਰਵਾਲ ਨੇ 88 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਅਮਿਤ ਕਲੇਰ ਨੇ 83.6 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਅਤੇ ਅਵਨੀਤ ਕੌਰ ਨੇ 80.8 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ । 10+2 ਆਰਟਸ ਦੇ ਨਤੀਜੇ ਵਿਚ ਵਿਦਿਆਰਥਣ ਚਰਨਜੀਤ ਕੌਰ ਨੇ 83 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਸਚਿਨ ਕਟਾਰੀਆ ਨੇ 80.6 ਫੀਸਦੀ ਅੰਕ ਲੈ ਕੇ ਦੂਜਾ ਸਥਾਨ, ਹਰਸ਼ਪ੍ਰੀਤ ਕੌਰ ਅਤੇ ਰੋਹਿਤ ਕੁਮਾਰ ਨੇ 70.6 ਫੀਸਦੀ ਅੰਕ ਲੈ ਕੇ ਕਲਾਸ ਵਿਚੋਂ ਤੀਜਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਬਾਕੀ ਵਿਦਿਆਰਥੀ ਵੀ ਚੰਗੇ ਅੰਕ ਲੈ ਕੇ ਪ੍ਰੀਖਿਆ ਵਿਚੋਂ ਪਾਸ ਹੋਏ ਹਨ।

# ਪਿੰਡਾਂ 'ਚ ਠੀਕਰੀ ਪਹਿਰਾ ਲਗਾਉਣ ਦਾ ਹੁਕਮ

**ਨਵਾਂਸ਼ਹਿਰ (ਮਨੋਜ ਲਾਡੀ)**-ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੰਚਾਇਤਾਂ ਨੂੰ, ਪੰਜਾਬ ਵਿਲੇਜ ਅਤੇ ਸਮਾਲ ਟਾਊਨ ਪੈਟਰੋਲ ਐਕਟ, 1918 ਦੀ ਧਾਰਾ 3 ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਪੈਂਦੇ ਪਿੰਡਾਂ ਵਿੱਚ ਠੀਕਰੀ ਪਹਿਰਾ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ।ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਕੁਝ ਸ਼ਰਾਰਤੀ ਲੋਕਾਂ/ਚੋਰਾਂ ਵਲੋਂ ਚੋਰੀ ਦੀਆਂ ਵਾਰਦਾਤਾਂ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਆਮ ਲੋਕਾਂ ਨੂੰ ਮਾਲੀ ਨੁਕਸਾਨ ਦਾ ਵੀ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਕਿਸੇ ਤਰ੍ਹਾਂ ਦਾ ਮਾਲੀ ਸੰਪਤੀ ਨੁਕਸਾਨ ਨਾ ਹੋਣ ਵਾਸਤੇ ਜ਼ਿਲ੍ਹੇ ਦੀ ਹਦੂਦ ਅੰਦਰ ਠੀਕਰੀ ਪਹਿਰਾ ਲਗਾਉਣ ਦੀ ਜ਼ਰੂਰਤ ਹੈ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਜ਼ਿਲ੍ਹੇ ਦੇ ਸਮੂਹ ਪਿੰਡਾਂ ਦੀਆਂ ਸਬੰਧਤ ਪੰਚਾਇਤਾਂ ਰਾਹੀਂ ਇਹ ਹੁਕਮ ਸਖ਼ਤੀ ਨਾਲ ਲਾਗੂ ਕਰਵਾਉਣ ਦੇ ਜ਼ਿੰਮੇਵਾਰ ਹੋਣਗੇ। ਇਹ ਹੁਕਮ 12ਜੁਲਾਈ 2026 ਤੱਕ ਲਾਗੂ ਰਹੇਗਾ।

# ਨਗਰ ਨਿਗਮ ਚੋਣਾਂ 'ਚ ਜਨਤਾ ਨੇ ਮੋਦੀ ਤੇ ਭਾਜਪਾ ਦੀਆਂ ਨੀਤੀਆਂ 'ਤੇ ਲਗਾਈ ਮੋਹਰ : ਸੈਣੀ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨਗਰ ਨਿਗਮ ਚੋਣਾਂ ਵਿੱਚ ਜਿੱਤ ਦਰਜ ਕਰਨ 'ਤੇ ਸਾਰੇ ਜੇਤੂ ਉਮੀਦਵਾਰਾਂ ਨੂੰ ਬਧਾਈ ਅਤੇ ਸ਼ੁਭ ਕਾਮਨਾਵਾਂ ਦਿੱਤੀ। ਉਨ੍ਹਾਂ ਨੇ ਕਿਹਾ ਕਿ ਆਮ ਜਨਤਾ ਨੇ ਨਗਰ ਨਿਗਮ ਚੋਣਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਰਤੀ ਜਨਤਾ ਪਾਰਟੀ ਦੀ ਨੀਤੀਆਂ 'ਤੇ ਜਿੱਤ ਦੀ ਮੋਹਰ ਲਗਾਈ ਹੈ।ਮੁੱਖ ਮੰਤਰੀ ਨਵੀਂ ਦਿੱਲੀ ਸਥਿਤ ਹਰਿਆਣਾ ਭਵਨ ਵਿੱਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਇਸ ਮੌਕੇ 'ਤੇ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਸ਼ਨ ਲਾਲ ਪੰਵਾਰ ਵੀ ਮੌਜੂਦ ਰਹੇ।

# ਵਧੀਕ ਡਿਪਟੀ ਕਮਿਸ਼ਨਰ ਨੇ ਸੜਕ ਸੁਰੱਖਿਆ ਕਮੇਟੀ ਦੀ ਕੀਤੀ ਮੀਟਿੰਗ

**ਨਵਾਂਸ਼ਹਿਰ (ਮਨੋਜ ਲਾਡੀ)**-ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਜ਼ਿਲ੍ਹੇ ਵਿੱਚ ਸੜਕ ਹਾਦਸਿਆਂ ਨੂੰ ਘਟਾਉਣ ਲਈ ਕੀਤੇ ਜਾ ਰਹੇ ਉਪਾਵਾਂ ਦਾ ਜਾਇਜ਼ਾ ਲਿਆ।ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੜਕ ਸੁਰੱਖਿਆ ਸਿਰਫ ਪ੍ਰਸ਼ਾਸਨ ਦੀ ਹੀ ਨਹੀਂ, ਸਗੋਂ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਕੂਲਾਂ, ਕਾਲਜਾਂ, ਬਾਜ਼ਾਰਾਂ ਅਤੇ ਪਿੰਡਾਂ ਵਿੱਚ ਟ੍ਰੈਫਿਕ ਨਿਯਮਾਂ ਸਬੰਧੀ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਜਾਣ ਤਾਂ ਜੋ ਲੋਕਾਂ, ਖਾਸ ਕਰਕੇ ਨੌਜਵਾਨਾਂ ਅਤੇ ਦੋਪਹੀਆ ਵਾਹਨ ਚਾਲਕਾਂ ਨੂੰ ਹੈਲਮਟ, ਸੀਟ ਬੈਲਟ ਅਤੇ ਨਸ਼ੇ ਵਿੱਚ ਗੱਡੀ ਨਾ ਚਲਾਉਣ ਦੇ ਮਹੱਤਵ ਬਾਰੇ ਦੱਸਿਆ ਜਾ ਸਕੇ।ਵਧੀਕ ਡਿਪਟੀ ਕਮਿਸ਼ਨਰ ਨੇ ਸੜਕਾਂ 'ਤੇ ਬਲੈਕ ਸਪਾਟਸ ਦੀ ਪਛਾਣ ਕਰਕੇ ਉਨ੍ਹਾਂ 'ਤੇ ਤੁਰੰਤ ਸੁਧਾਰਾਤਮਕ ਕਾਰਵਾਈ ਕਰਨ, ਸਪੀਡ ਬ੍ਰੇਕਰ, ਸਾਈਨ ਬੋਰਡ ਅਤੇ ਸਟ੍ਰੀਟ ਲਾਈਟਾਂ ਲਗਾਉਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਪੁਲਿਸ ਵਿਭਾਗ ਨੂੰ ਓਵਰ ਸਪੀਡਿੰਗ, ਓਵਰਲੋਡਿੰਗ ਅਤੇ ਨਾਬਾਲਗਾਂ ਵੱਲੋਂ ਵਾਹਨ ਚਲਾਉਣ 'ਤੇ ਸਖ਼ਤੀ ਨਾਲ ਕਾਰਵਾਈ ਕਰਨ ਲਈ ਕਿਹਾ।ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਹਫ਼ਤੇ ਅਤੇ ਹੋਰ ਮੁਹਿੰਮਾਂ ਦੌਰਾਨ ਸਿਵਲ ਸੁਸਾਇਟੀ, ਐੱਨ ਜੀ ਓਜ਼ ਤੇ ਸਵੈ-ਸੇਵੀ ਸੰਸਥਾਵਾਂ ਨੂੰ ਵੀ ਸ਼ਾਮਿਲ ਕੀਤਾ ਜਾਵੇ ਤਾਂ ਜੋ ਜਾਗਰੂਕਤਾ ਦਾ ਦਾਇਰਾ ਵਧਾਇਆ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਨੂੰ ਹਾਦਸੇ ਵਾਲੀਆਂ ਥਾਵਾਂ 'ਤੇ ਐਮਰਜੈਂਸੀ ਸੇਵਾਵਾਂ ਮਜ਼ਬੂਤ ਕਰਨ ਅਤੇ ਜ਼ਖਮੀਆਂ ਨੂੰ ਤੁਰੰਤ ਮੁੱਢਲੀ ਸਹਾਇਤਾ ਮੁਹੱਈਆ ਕਰਵਾਉਣ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ।ਇਸ ਮੌਕੇ ਸਹਾਇਕ ਕਮਿਸ਼ਨਰ ਰਮਨਜੀਤ, ਆਰ.ਟੀ.ਓ. ਇੰਦਰ ਪਾਲ ਅਤੇ ਵੱਖ-ਵੱਖ ਦੇ ਅਧਿਕਾਰੀ ਹਾਜ਼ਰ ਸਨ।

# ਅੱਖਾਂ ਦੀ ਬਿਮਾਰੀ ਦੀ ਜਾਂਚ ਲਈ ਸਕੂਲਾਂ ਤੱਕ ਪਹੁੰਚ ਰਹੀ ਹੈ ਰੋਟਰੀ ਆਈ ਬੈਂਕ ਦੀ ਟੀਮ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਰੋਟਰੀ ਆਈ ਬੈਂਕ ਅਤੇ ਕੋਰਨੀਅਲ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਛੋਟੇ ਬੱਚਿਆਂ ਦੀਆਂ ਅੱਖਾਂ 'ਤੇ ਪੈ ਰਹੇ ਦੁਸ਼ਪ੍ਰਭਾਵਾਂ ਨੂੰ ਧਿਆਨ



ਵਿੱਚ ਰੱਖਦਿਆਂ ਬੱਚਿਆਂ ਦੀਆਂ ਅੱਖਾਂ ਦੀ ਜਾਂਚ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਪ੍ਰੋਜੈਕਟ ਚੇਅਰਮੈਨ ਅਸ਼ਵਨੀ ਕੁਮਾਰ ਦੱਤਾ ਦੀ ਅਗਵਾਈ ਹੇਠ ਸਰਕਾਰੀ ਐਲੀਮੈਂਟਰੀ ਸਕੂਲ ਰਹੀਮਪੁਰ ਵਿੱਚ ਅੱਖਾਂ ਦੀ ਜਾਂਚ ਲਈ ਕੈਂਪ ਲਗਾਇਆ ਗਿਆ।ਇਸ ਮੌਕੇ ਪ੍ਰੋਜੈਕਟ ਚੇਅਰਮੈਨ ਅਸ਼ਵਨੀ ਕੁਮਾਰ ਦੱਤਾ ਨੇ ਦੱਸਿਆ ਕਿ 187 ਬੱਚਿਆਂ ਦੀਆਂ ਅੱਖਾਂ ਦੀ ਜਾਂਚ ਕਰਨ ਤੋਂ ਬਾਅਦ 31 ਬੱਚਿਆਂ ਨੂੰ ਸਿਵਲ ਹਸਪਤਾਲ ਰੈਫਰ ਕੀਤਾ ਗਿਆ ਹੈ, ਜਿੱਥੇ ਬੱਚਿਆਂ ਦੀਆਂ ਅੱਖਾਂ ਦੀ ਜਾਂਚ ਲਈ ਵਿਸ਼ੇਸ਼ ਦਿਨ ਨਿਰਧਾਰਤ ਕੀਤੇ ਗਏ ਹਨ ਤਾਂ ਜੋ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਾ ਆਵੇ ਤੇ ਉਨ੍ਹਾਂ ਦਾ ਇਲਾਜ ਮੁਫ਼ਤ ਕੀਤਾ ਜਾ ਸਕੇ। ਉਨ੍ਹਾਂ ਸਿਵਲ ਸਰਜਨ ਹੁਸ਼ਿਆਰਪੁਰ ਤੇ ਅੱਖਾਂ ਦੀ ਮਾਹਿਰ ਡਾ. ਮੀਨੂ ਸਿੱਧੂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਬੱਚਿਆਂ ਦਾ ਇਲਾਜ ਸੰਭਵ ਹੋ ਰਿਹਾ ਹੈ।ਉਨ੍ਹਾਂ ਅੱਗੇ ਕਿਹਾ ਕਿ ਜੇ ਕਿਸੇ ਵੀ ਬੱਚੇ ਨੂੰ ਐਨਕ ਦੀ ਲੋੜ ਪਈ ਤਾਂ ਉਹ ਰੋਟਰੀ ਆਈ ਬੈਂਕ ਵੱਲੋਂ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜਲਦ ਹੀ ਅਗਲੇ ਸਕੂਲ ਵਿੱਚ ਵੀ ਕੈਂਪ ਲਗਾਇਆ ਜਾਵੇਗਾ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਰਹੇਗਾ।ਇਸ ਮੌਕੇ ਵੀਨਾ ਚੋਪੜਾ, ਕ੍ਰਿਸ਼ਨ ਕਿਸ਼ੋਰ, ਮਦਨ ਲਾਲ ਮਹਾਜਨ ਅਤੇ ਸਕੂਲ ਵੱਲੋਂ ਅਨੁਰਾਧਾ ਬਡਿਆਲ, ਨਿਸ਼ੀ ਸੈਣੀ, ਕਿਸ਼ਨਪਾਲ ਕੌਰ, ਰਿਸ਼ਵ, ਗੀਤਾ ਰਾਣੀ, ਗੁਰਪ੍ਰੀਤ ਕੌਰ, ਅਲੀਕਾ ਸ਼ਰਮਾ, ਸ਼ਿਵਾਨੀ ਤੇ ਹੋਰ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਉਦਯੋਗਪਤੀਆਂ ਨਾਲ ਮੀਟਿੰਗ



**ਫਗਵਾੜਾ (ਡਾ. ਰਮਨ)**

ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਵੱਲੋਂ ਅੱਜ ਫਗਵਾੜਾ ਦੇ ਮਾਰਕਿਟ ਕਮੇਟੀ ਦਫ਼ਤਰ ਵਿਖੇ ਉਦਯੋਗਪਤੀਆਂ ਮੀਟਿੰਗ ਕਰਨ ਤੋਂ ਬਾਅਦ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਜਿਸ ਵਿੱਚ ਉਦਯੋਗਿਕ ਅਤੇ ਜਨਤਕ ਸਮੱਸਿਆਵਾਂ ਨੂੰ ਬੜੀ ਬਾਰੀਕੀ ਨਾਲ ਵਿਚਾਰਿਆ ਗਿਆ।ਮੀਟਿੰਗ ਦੌਰਾਨ ਉਦਯੋਗਪਤੀਆਂ ਦੇ ਵਫ਼ਦ ਨੇ ਡਿਪਟੀ ਕਮਿਸ਼ਨਰ ਨੂੰ ਜਾਣੂ ਕਰਵਾਉਂਦਿਆਂ ਦੱਸਿਆ ਕਿ ਇੰਡਸਟਰੀਅਲ ਖੇਤਰ ਵਿੱਚ ਸੜਕਾਂ ਦੀ ਹਾਲਤ ਕਾਫ਼ੀ ਖਸਤਾ ਹੈ, ਜਿਸ ਕਾਰਨ ਮਾਲ ਦੀ ਢੋਆ-ਢੁਆਈ ਵਿੱਚ ਭਾਰੀ ਦਿੱਕਤ ਆ ਰਹੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਦਯੋਗਿਕ ਖੇਤਰ ਲਈ ਕਿਹੜੀਆਂ ਸੜਕਾਂ ਦਾ ਕੰਮ ਪਹਿਲ ਦੇ ਅਧਾਰ ਤੇ ਹੋਣਾ ਚਾਹੀਦਾ ਹੈ ਇਸ ਸਬੰਧੀ ਲਿਖਤੀ ਤੌਰ ਤੇ ਜਾਣਕਾਰੀ ਮੁਹਈਆ ਕਰਵਾਈ ਜਾਵੇ ਤਾਂ ਜੋ ਇਸ ਸਬੰਧੀ ਸੰਬੰਧਿਤ ਵਿਭਾਗ ਦੇ ਅਧਿਕਾਰੀਆਂ ਨੂੰ ਜਲਦੀ ਕੰਮ ਕਰਨ ਲਈ ਨਿਰਦੇਸ਼ ਦਿੱਤੇ ਜਾ ਸਕਣ। ਉਹਨਾਂ ਨੇ ਬਰਸਾਤ ਤੋਂ ਪਹਿਲਾਂ ਪਾਣੀ ਦੇ ਨਿਕਾਸੀ ਦੇ ਲਈ ਨਾਲਿਆਂ ਦੀ ਸਫਾਈ ਪਹਿਲਾਂ ਤੋਂ ਕਰਨ ਸਬੰਧੀ ਨਿਰਦੇਸ਼ ਦਿੱਤੇ ਤਾਂ ਜੋ ਬਰਸਾਤ ਦੇ ਸਮੇਂ ਦੌਰਾਨ ਸੜਕਾਂ ਤੇ ਪਾਣੀ ਇਕੱਠਾ ਨਾ ਹੋ ਸਕੇ।

# ਸੜਕਾਂ ਦੇ ਪੈਚ ਵਰਕ ਤੇ ਨਿਰਮਾਣ ਕਾਰਜਾਂ 'ਚ ਤੇਜੀ ਲਿਆਉਣ ਦੇ ਨਿਰਦੇਸ਼

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼ਹਿਰ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਸੜਕਾਂ ਦੀ ਖ਼ਰਾਬ ਹਾਲਤ ਨੂੰ ਗੰਭੀਰਤਾ ਨਾਲ ਲੈਂਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਮੌਜੂਦਗੀ ਵਿੱਚ ਜਲੰਧਰ-ਹੁਸ਼ਿਆਰਪੁਰ ਨੈਸ਼ਨਲ ਹਾਈਵੇ ਅਤੇ ਊਨਾ ਰੋਡ ਨੈਸ਼ਨਲ ਹਾਈਵੇ ਨਾਲ ਸਬੰਧਤ ਵੱਖ-ਵੱਖ ਸੜਕਾਂ ਦੀ ਮੁਰੰਮਤ ਅਤੇ ਨਿਰਮਾਣ



ਕਾਰਜਾਂ ਦੀ ਸਮੀਖਿਆ ਲਈ ਉੱਚ ਪੱਧਰੀ ਮੀਟਿੰਗ ਕੀਤੀ। ਮੀਟਿੰਗ ਵਿੱਚ ਲੋਕ ਨਿਰਮਾਣ ਵਿਭਾਗ (ਨੈਸ਼ਨਲ ਹਾਈਵੇ ਡਿਵੀਜ਼ਨ), ਨੈਸ਼ਨਲ ਹਾਈਵੇ ਅਥਾਰਟੀ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਭਾਗ ਲਿਆ। ਮੀਟਿੰਗ ਦੌਰਾਨ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅਧਿਕਾਰੀਆਂ ਨੂੰ ਸਪੱਸ਼ਟ ਹਦਾਇਤਾਂ ਦਿੰਦਿਆਂ ਕਿਹਾ ਕਿ ਲੋਕਾਂ ਦੀ ਸਹੂਲਤ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇ ਅਤੇ ਸੜਕ ਮੁਰੰਮਤ ਕੰਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਤੋਂ ਪਹਿਲਾਂ ਸਾਰੇ ਮੁੱਖ ਮਾਰਗ ਪੂਰੀ ਤਰ੍ਹਾਂ ਆਵਾਜਾਈ ਯੋਗ ਬਣਾਏ ਜਾਣ ਤਾਂ ਜੋ ਆਮ ਲੋਕਾਂ, ਵਪਾਰੀਆਂ ਅਤੇ ਯਾਤਰੀਆਂ ਨੂੰ ਆਵਾਜਾਈ ਵਿੱਚ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

# ਨਰਸਾਂ ਦਾ ਜੀਵਨ ਸੇਵਾ ਤੇ ਇਨਸਾਨੀਅਤ ਦੀ ਜ਼ਿੰਦਾ ਮਿਸਾਲ : ਧੀਮਾਨ

**ਫਗਵਾੜਾ (ਡਾ. ਰਮਨ)**

ਸ੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਟਰੱਸਟ ਫਗਵਾੜਾ ਵੱਲੋਂ 'ਅੰਤਰਰਾਸ਼ਟਰੀ ਨਰਸਿੰਗ ਦਿਵਸ' ਬੜੇ ਹੀ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਹਸਪਤਾਲ ਦੇ ਡਾਕਟਰ, ਨਰਸਿੰਗ ਸਟਾਫ ਅਤੇ ਟਰੱਸਟ ਮੈਂਬਰਾਂ ਨੇ ਕੇਕ ਕੱਟ ਕੇ ਖੁਸ਼ੀ ਦਾ ਇਜ਼ਹਾਰ



ਕੀਤਾ ਅਤੇ ਨਰਸਿੰਗ ਸਟਾਫ ਨੂੰ ਇਸ ਵਿਸ਼ੇਸ਼ ਦਿਨ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ। ਟਰੱਸਟ ਦੇ ਪ੍ਰਧਾਨ ਪ੍ਰਦੀਪ ਧੀਮਾਨ ਨੇ ਸਮੂਹ ਨਰਸਿੰਗ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਰਸਾਂ ਦਾ ਜੀਵਨ ਸੇਵਾ, ਸਮਰਪਣ ਅਤੇ ਇਨਸਾਨੀਅਤ ਦੀ ਜ਼ਿੰਦਾ ਮਿਸਾਲ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਟਰੱਸਟ ਦੇ ਹਸਪਤਾਲ ਵਿੱਚ ਇਲਾਜ ਲਈ ਆਉਣ ਵਾਲੇ ਮਰੀਜਾਂ ਨੂੰ ਜਿੱਥੇ ਬਹੁਤ ਸਸਤੀਆਂ ਸਿਹਤ ਸਹੂਲਤਾਂ ਮਿਲਦੀਆਂ ਹਨ, ਉੱਥੇ ਹੀ ਨਰਸਿੰਗ ਸਟਾਫ ਦੀ ਹੋਸਪਿਟੈਲਿਟੀ ਖਾਸ ਤੌਰ ਤੇ ਮਰੀਜਾਂ ਅਤੇ ਉਹਨਾਂ ਦੇ ਪਰਵਾਰਕ ਮੈਂਬਰਾਂ ਨੂੰ ਪ੍ਰਭਾਵਿਤ ਕਰਦੀ ਹੈ। ਪ੍ਰਦੀਪ ਧੀਮਾਨ ਨੇ ਇਹ ਐਲਾਨ ਵੀ ਕੀਤਾ ਕਿ ਲੋਕ ਭਲਾਈ ਨੂੰ ਧਿਆਨ ਵਿੱਚ ਰੱਖਦਿਆਂ ਹਸਪਤਾਲ ਵਿੱਚ ਜਲਦੀ ਹੀ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ, ਤਾਂ ਜੋ ਮਰੀਜ਼ਾਂ ਨੂੰ ਹੋਰ ਆਧੁਨਿਕ ਅਤੇ ਉੱਚ ਪੱਧਰੀ ਸਿਹਤ ਸਹੂਲਤਾਂ ਮਿਲ ਸਕਣ। ਇਸ ਦੇ ਨਾਲ ਹੀ ਉਨ੍ਹਾਂ ਨੇ 'ਸਰਹਿੰਦ ਫਤਹਿ ਦਿਵਸ' ਦੀ ਵੀ ਹਾਜ਼ਰੀਨ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ 17 ਮਈ ਨੂੰ ਸ੍ਰੀ ਵਿਸ਼ਵਕਰਮਾ ਮੰਦਰ ਕਮੇਟੀ ਵੱਲੋਂ ਰਾਮਗੜ੍ਹੀਆ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦਾ 303ਵਾਂ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਸੰਗਤਾਂ ਨੂੰ ਇਸ ਸਮਾਗਮ ਵਿੱਚ ਵੀ ਵੱਧ ਤੋਂ ਵੱਧ ਸ਼ਮੂਲੀਅਤ ਦੀ ਅਪੀਲ ਕੀਤੀ। ਇਸ ਮੌਕੇ ਸੁਰਿੰਦਰ ਪਾਲ ਧੀਮਾਨ, ਗੁਰਨਾਮ ਸਿੰਘ ਜੂਤਲਾ, ਅਮੋਲਕ ਸਿੰਘ ਝੀਤਾ, ਪਰਮਜੀਤ ਸਿੰਘ ਭੋਗਲ, ਡਾ. ਦੀਪਾ ਯਾਦਵ, ਡਾ. ਜਰਨੈਲ ਸਿੰਘ, ਡਾ. ਰਮਿੰਦਰ ਸਿੰਘ, ਡਾ. ਆਯੂਸ਼ੀ ਵਰਮਾ, ਕੁਲਵਿੰਦਰ ਸਿੰਘ ਸੈਂਭੀ, ਸੁਰਿੰਦਰ ਕੁਮਾਰ, ਵਿਕਰਮ ਰੂਪਰਾਏ ਸਮੇਤ ਸਮੂਹ ਨਰਸਿੰਗ ਸਟਾਫ ਤੇ ਟਰੱਸਟ ਮੈਂਬਰ ਹਾਜ਼ਰ ਸੀ।

# ਲਾਇਲਪੁਰ ਖ਼ਾਲਸਾ ਕਾਲਜ ਦੇ ਐੱਮ ਐੱਸ ਸੀ ਕੈਮਿਸਟਰੀ ਸਮੈਸਟਰ ਪਹਿਲਾ ਦਾ ਨਤੀਜਾ ਰਿਹਾ ਸ਼ਾਨਦਾਰ



**ਜਲੰਧਰ (ਸ਼ੈਲੀ ਐਲਬਰਟ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐੱਮ ਐੱਸ ਸੀ ਕੈਮਿਸਟਰੀ ਪਹਿਲਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀ ਰਿਤਿਕ ਕੁਮਾਰ ਨੇ 10 ਵਿਚੋਂ 8.76 ਐੱਸ ਜੀ ਪੀ ਏ ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ ਵਿਚੋਂ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਤੇ ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀ, ਉਸ ਦੇ ਮਾਪੇ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਵਿਦਿਆਰਥੀ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਡਾ. ਰਜਨੀਸ਼ ਮੋਦਗਿੱਲ ਮੁਖੀ ਕੈਮਿਸਟਰੀ ਵਿਭਾਗ, ਡਾ. ਗੀਤਾਂਜਲੀ ਕੌਸ਼ਲ, ਡਾ. ਵਿਕਾਸ ਕੁਮਾਰ, ਡਾ. ਹਰਸ਼ਵੀਰ ਅਰੋੜਾ ਅਤੇ ਡਾ. ਹਰਜਿੰਦਰ ਕੌਰ ਵੀ ਹਾਜ਼ਰ ਸਨ।

# ਜ਼ਿਲ੍ਹੇ 'ਚ ਰੋਜ਼ਾਨਾ ਲੱਗ ਰਹੇ ਹਨ ਤਪਦਿਕ ਜਾਂਚ ਤੇ ਜਾਗਰੂਕਤਾ ਕੈਂਪ : ਸਿਵਲ ਸਰਜਨ

**ਮੁਹਾਲੀ (ਗੁਰਜੀਤ ਬਿੱਲਾ)**

ਟੀ ਬੀ ਮੁਕਤ ਭਾਰਤ ਅਭਿਆਨ ਤਹਿਤ ਜ਼ਿਲ੍ਹਾ ਐੱਸ ਏ ਐੱਸ ਨਗਰ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਜਾਂਚ ਤੇ ਜਾਗਰੂਕਤਾ ਕੈਂਪ ਰੋਜ਼ਾਨਾ ਲਗਾਏ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਟੀ ਬੀ ਅਧਿਕਾਰੀ ਡਾ. ਨਵਦੀਪ ਸਿੰਘ ਨੇ ਦੱਸਿਆ ਕਿ ਦੇਸ਼ ਵਿਚ ਤਪਦਿਕ ਦੇ ਮੁਕੰਮਲ



ਖ਼ਾਤਮੇ ਲਈ 100 ਦਿਨਾ ਤੀਬਰ ਰੋਕਥਾਮ ਮੁਹਿੰਮ ਚੱਲ ਰਹੀ ਹੈ ਜਿਸ ਤਹਿਤ ਸਿਹਤ ਟੀਮਾਂ ਵਲੋਂ ਘਰ-ਘਰ ਜਾ ਕੇ ਲੋਕਾਂ ਨੂੰ ਟੀ ਬੀ ਦੇ ਲੱਛਣਾਂ ਬਾਰੇ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਅਹਿਮ ਗੱਲ ਇਹ ਹੈ ਕਿ ਕੈਂਪਾਂ ਵਿਚ ਸ਼ੱਕੀ ਮਰੀਜ਼ਾਂ ਦੀ ਮੌਕੇ 'ਤੇ ਹੀ ਐਕਸਰੇ ਜਾਂਚ ਕੀਤੀ ਜਾਂਦੀ ਹੈ ਤੇ ਤੁਰੰਤ ਰਜਿਸ਼ਟਰੇਸ਼ਨ ਕੀਤੀ ਜਾਂਦੀ ਹੈ। ਉਨ੍ਹਾਂ ਦਸਿਆ ਕਿ ਜ਼ਿਲ੍ਹੇ ਦੇ ਸਬ-ਡਵੀਜ਼ਨਲ ਹਸਪਤਾਲਾਂ, ਕਮਿਊਨਿਟੀ ਹੈਲਥ ਸੈਂਟਰਾਂ, ਪ੍ਰਾਇਮਰੀ ਹੈਲਥ ਸੈਂਟਰਾਂ ਤੇ ਆਯੁਸ਼ਮਾਨ ਅਰੋਗਿਆ ਕੇਂਦਰਾਂ ਤੋਂ ਇਲਾਵਾ ਜੇਲਾਂ, ਝੁੱਗੀਆਂ, ਬਸਤੀਆਂ, ਨਿਰਮਾਣ ਸਥਾਨਾਂ, ਸਕੂਲਾਂ, ਦਫ਼ਤਰਾਂ ਆਦਿ ਵਿਚ ਵੀ ਜਾਂਚ ਤੇ ਜਾਗਰੂਕਤਾ ਦਾ ਕੰਮ ਨਾਲੋ-ਨਾਲ ਚੱਲ ਰਿਹਾ ਹੈ। ਅਧਿਕਾਰੀਆਂ ਮੁਤਾਬਕ ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਟੀ ਬੀ ਦੇ ਮਰੀਜ਼ਾਂ ਦੀ ਸ਼ੁਰੂਆਤੀ ਪਛਾਣ ਕਰ ਕੇ ਉਨ੍ਹਾਂ ਦਾ ਸਮੇਂ ਸਿਰ ਇਲਾਜ ਸ਼ੁਰੂ ਕਰਨਾ ਹੈ ਤਾਂ ਕਿ ਬੀਮਾਰੀ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਉਨ੍ਹਾਂ ਦਸਿਆ ਕਿ ਟੀ ਬੀ ਦਾ ਪੱਕਾ ਇਲਾਜ ਮੌਜੂਦ ਹੈ ਅਤੇ ਇਹ ਬੀਮਾਰੀ ਹੋਣ 'ਤੇ ਘਬਰਾਉਣ ਦੀ ਲੋੜ ਨਹੀਂ। ਹਰ ਸਰਕਾਰੀ ਸਿਹਤ ਸੰਸਥਾ ਵਿਚ ਡਾਟਸ ਪ੍ਰਣਾਲੀ ਰਾਹੀਂ ਇਸ ਦਾ ਬਿਲਕੁਲ ਮੁਫ਼ਤ ਇਲਾਜ ਹੁੰਦਾ ਹੈ।

# ਜਲਾਲਪੁਰ ਵੱਲੋਂ ਅੱਲੋਵਾਲ ਨੂੰ ਖੇਡਾਂ ਦੇ ਸਮਾਨ ਲਈ 1 ਲੱਖ ਦੀ ਗ੍ਰਾਂਟ ਜਾਰੀ

**ਬਲਾਚੌਰ (ਜਸਵਿੰਦਰ ਬੈਂਸ)**- ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਸਤਨਾਮ ਜਲਾਲਪੁਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਮਕਸਦ ਨਾਲ ਗ੍ਰਾਮ ਪੰਚਾਇਤ ਅੱਲੋਵਾਲ ਨੂੰ ਇੱਕ ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਜਾਰੀ ਕੀਤੀ ਗਈ ਹੈ। ਇਹ ਰਾਸ਼ੀ ਖ਼ਾਸ ਤੌਰ 'ਤੇ ਖੇਡਾਂ ਦੇ ਸਮਾਨ ਦੀ ਖਰੀਦ ਲਈ ਦਿੱਤੀ ਗਈ ਹੈ।ਗ੍ਰਾਂਟ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜਨਾ ਹੈ।ਸਤਨਾਮ ਜਲਾਲਪੁਰ ਨੇ ਨੌਜਵਾਨਾਂ ਨੂੰ ਨਸ਼ਿਆਂ ਵਰਗੀ



ਭੈੜੀ ਅਲਾਮਤ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਚੁਣਨ ਦੀ ਅਪੀਲ ਕੀਤੀ। ?ਇਸ ਮੌਕੇ ਪਿੰਡ ਦੀ ਪੰਚਾਇਤ ਅਤੇ ਨੌਜਵਾਨਾਂ ਨੇ ਚੇਅਰਮੈਨ ਜਲਾਲਪੁਰ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਖੇਡਾਂ ਦੇ ਖੇਤਰ ਵਿੱਚ ਪਿੰਡ ਦਾ ਨਾਂਅ ਰੌਸ਼ਨ ਕਰਨ ਲਈ ਪੂਰੀ ਮਿਹਨਤ ਕਰਨਗੇ। ਇਸ ਮੌਕੇ ਬਲਾਕ ਪ੍ਰਧਾਨ ਸਤਨਾਮ ਸਿੰਘ ਸਹੂੰਗੜਾ ਅਤੇ ਗੁਰਚੈਨ ਰਾਮ,ਤਿਲਕ ਰਾਜ ਸੂਦ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਸੜੋਆ, ਭੁਪਿੰਦਰ ਸੂਦ, ਨਰੇਸ਼ ਕੁਮਾਰ, ਜਸਵਿੰਦਰ ਬਛੂਆਂ, ਤਰਲੋਕ ਸੂਦ, ਗੌਰਵ ਸੂਦ, ਜੱਸੀ ਸੂਦ, ਸੁੱਚਾ ਸਿੰਘ, ਨਵਦੀਪ ਸੂਦ, ਸੁੱਖਾ ਸੂਦ, ਸੋਹਣ ਸਿੰਘ, ਹਰਬੰਸ ਸੂਦ ਤੋਂ ਇਲਾਵਾ ਬਹੁਤ ਸਾਰੇ ਨੌਜਵਾਨ ਮੌਜੂਦ ਸਨ।

